# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

ਤਖ਼ਤ ਸ੍ਰੀ ਕੇਸਗੜ੍ਹ ਅਨੰਦਪੁਰ ਸਾਹਿਬ

ਅਪ੍ਰੈਲ ੧੯੭੭



April 1977

ਇਸ ਪਵਿਤਰ ਅਸਥਾਨ ਤੇ ੧੬੯੯ ਈਸਵੀ ਦੀ ਵੈਸਾਖੀ ਵਾਲੇ ਦਿਨ ਖ਼ਾਲਸੇ ਦੀ ਸਿਰਜਨਾ ਕੀਤੀ ਗਈ। ਅਖੰਡ ਕੀਰਤਨੀ ਜਥਿਆਂ ਵਲੋਂ ਐਤਕੀਂ ਖ਼ਾਲਸੇ ਦਾ ਜਨਮ-ਦਿਨ ਸ੍ਰੀ ਅੰਮ੍ਰਿਤਸਰ ਮਨਾਇਆ ਜਾ ਰਿਹਾ ਹੈ।

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ੩/੭੦-੬੮-੨੧ (ਮਿਤੀ ੧੭-੧੦-੬੮ ਅ. ਪ. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਨਾਨਕ ਵੈਸਾਖੀ ਪ੍ਰਭੁ ਭਾਵੈ | ਤੁਖਾਰੀ ਬਾਰਹਮਾਹ ਮ: ੧ | ੧ |
| ਅੰਮ੍ਰਿਤ ਸਮਾਗਮ ਰਚਣ ਦਾ ਚੋਜ | ਭਾਈ ਸਾਹਿਬ ਰਣਧੀਰ ਸਿੰਘ ਜੀ | ੨ |
| ਬਿਬੇਕੀ ਦਾ ਗੁਰਮਤਿ ਅਹਾਰ | ,, ,, ,, | ੪ |
| ਅੰਮ੍ਰਿਤ ਇਕ ਹੈ (ਕਵਿਤਾ) | ਪ੍ਰਿੰਸੀਪਲ ਮੇਵਾ ਸਿੰਘ ਜੀ ਤਲਵਾੜਾ | ੮ |
| ਖ਼ਾਲਸੇ ਦੀ ਸਾਜਨਾ (ਕਵਿਤਾ) | ਗਿਆਨੀ ਗੋਪਾਲ ਸਿੰਘ ਜੀ ਮਿੱਤਰ | ੯ |
| ਮਨ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ | ੧੦ |
| ਸੋਹਣੀ ਸੁੰਦਰ ਦਸਤਾਰ ਤੇ ਸਿੱਖੀ ਮਾਰਗ | ਸ: ਅਜਮੇਰ ਸਿੰਘ ਜੀ ਐਮ. ਏ. | ੧੨ |
| ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਬਾਲਮ ਸਾਖੀਆਂ | ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ | ੧੪ |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਲਮ ਸਾਖੀਆਂ | ,, ,, ,, | ੧੬ |
| ਸਿਖਾਂ ਦੀਆਂ ਫ਼ਿਲਮਾਂ ਤੇ ਨਿਹੰਗ ਸਿੰਘ | ਗੁਰਮਤਿ ਵਿਚਾਰ ਪੱਤ੍ਰਕਾ | ੧੭ |
| ਜਾਪੁ ਸਾਹਿਬ—ਕਾਵਿ ਅਨੁਵਾਦ | ਜੇ. ਪੀ. ਸੰਗਤ ਸਿੰਘ ਜੀ | ੧੮ |
| 'ਦਸਮ ਗ੍ਰੰਥ ਨਿਰਣੈ' ਪੁਸਤਕ ਸਿੱਖੀ ਦੇ ਬੁਨਿਆਦੀ ਅਸੂਲਾਂ ਦੇ ਵਿਰੁੱਧ ਹੈ | ਗਿ: ਊਧਮ ਸਿੰਘ ਜੀ | ੨੨ |
| ਸਾਡੇ ਗੁਰੂ ਗ੍ਰੰਥ ਸਾਹਿਬ ਜੀ | ਸ: ਰਘਬੀਰ ਸਿੰਘ ਜੀ ਬੀਰ | ੨੫ |
| ਭਾ: ਸਾ: ਰਣਧੀਰ ਸਿੰਘ ਜੀ ਦੀ ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ | ਸ੍ਵੈ ਜੀਵਨੀ ਚੋਂ | ੨੮ |
| ਇਕ ਹਰਖ ਉਪਜਾਊ ਸੱਚੀ ਸੋਅ | 'ਸੂਰਾ' ਪਰਵਾਰ | ੩੫ |
| ਕਰ ਲੈ ਦਿਲੋਂ ਸਫ਼ਾਈ [ਕਵਿਤਾ] | ਸ: ਸਾਧੂ ਸਿੰਘ ਸੂਫ਼ੀ | ੩੫ |
| ਇਹ ਅਣਗਹਿਲੀ ਕਿਉਂ ? | 'ਸੂਰਾ' ਪਰਵਾਰ | ੩੬ |
| ਸ਼ਰੋਮਣੀ ਗੁ: ਪ੍ਰ: ਕਮੇਟੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ | ,, ,, | ੩੯ |


## —: ਅਪ੍ਰੈਲ ਮਹੀਨੇ ਵਿਚ ਗੁਰਪੁਰਬ :—

| | |
|---|---|
| ਸ੍ਰੀ ਗੁਰੂ ਤੇਗ ਬਹਾਦਰ ਜੀ ਗੁਰਿਆਈ ਮਿਲੀ | ੩ ਅਪ੍ਰੈਲ |
| ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਜੋਤੀ ਜੋਤਿ ਸਮਾਏ | ੩ ਅਪ੍ਰੈਲ |
| ਸ੍ਰੀ ਗੁਰੂ ਤੇਗ ਬਹਾਦਰ ਜੀ ਅਵਤਾਰ ਧਾਰਿਆ | ੮ ਅਪ੍ਰੈਲ |
| ਸ੍ਰੀ ਗੁਰੂ ਅਰਜਨ ਦੇਵ ਜੀ ਅਵਤਾਰ ਧਾਰਿਆ | ੧੦ ਅਪ੍ਰੈਲ |
| ਸ੍ਰੀ ਗੁਰੂ ਅੰਗਦ ਦੇਵ ਜੀ ਅਵਤਾਰ ਧਾਰਿਆ | ੧੯ ਅਪ੍ਰੈਲ |
| ਵੈਸਾਖੀ [ਖ਼ਾਲਸੇ ਦਾ ਜਨਮ ਦਿਨ] | ੧੩ ਅਪ੍ਰੈਲ |

ਗੰਭੀਰ ਪ੍ਰਿੰਟਿੰਗ ਪ੍ਰੈਸ, ਚੌਕ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੪.੭੭ ਨੂੰ ਪ੍ਰਕਾਸ਼ਤ ਕੀਤਾ।
ਟੇਲੀਫ਼ੋਨ ਨੰਬਰ 51847

www.AKJ.Org

ੴ ਵਾਹਿਗੁਰੂ ਜੀ ਕੀ ਫ਼ਤਹ ॥

ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ ॥
ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆ ॥
ਆਇ ਮਿਲੁ ਗੁਰਸਿਖ ਆਇ ਮਿਲ ਤੂੰ ਮੇਰੇ ਗੁਰੂ ਕੇ ਪਿਆਰੇ ॥

ਨਾਨਕ ਵੈਸਾਖੰੀ ਪ੍ਰਭੁ ਭਾਵੈ, ਸੁਰਤਿ ਸਬਦਿ ਮਨੁ ਮਾਨਾ ॥

ਗੁਰੂ ਸੰਵਾਰੇ ਗੁਰਸਿਖ ਪਰਵਾਰ ਜੀਉ,

ਦੋ ਕਰ ਜੋੜ ਬੇਨਤੀ ਹੈ ਕਿ ਗੁਰੂ ਪਾਤਸ਼ਾਹ ਦੀ ਕਿਰਪਾ ਦੁਆਰਾ ੧੯੭੭ ਦੀ ਵੈਸਾਖੀ ਦਾ ਗੁਰਮਤਿ ਸਮਾਗਮ ਐਤਕੀ ਸ੍ਰੀ ਅੰਮ੍ਰਿਤਸਰ ਵਿਖੇ ਜੁੜ ਰਿਹਾ ਹੈ, ਜਿਸ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਸਮੂੰਹ ਕੀਰਤਨੀ ਜੱਥੇ ਭਾਰਤ ਭਰ ਵਿਚੋਂ ਪੁਜ ਰਹੇ ਹਨ। ਵੈਸਾਖੀ ਦੇ ਸ਼ੁਭ ਅਉਸਰ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੀ ਧਾਰ ਤੇ ਸਿਖੀ ਨੂੰ ਪਰਖਿਆ ਅਤੇ ਖੰਡੇ ਦਾ ਅੰਮ੍ਰਿਤ ਛਕਾ ਕੇ ਨਿਰਭੈ ਖ਼ਾਲਸਾ ਸਾਜਿਆ। ਜਾਗਤ-ਜੋਤ ਦੇ ਉਪਾਸ਼ਕ, ਪੰਜ ਕਕਾਰ ਦੇ ਧਾਰਨੀ ਅਤੇ ਚੜ੍ਹਦੀਆਂ ਕਲਾਂ ਵਿਚ ਵਿਚਰਨ ਵਾਲੇ ਖ਼ਾਲਸਾ ਜੀ ਨੂੰ ਸਤਿਗੁਰੂ ਜੀ ਨੇ ਆਪਣਾ ਸਰੂਪ ਬਖ਼ਸ਼ਿਆ।

ਭਗਤੀ ਤੇ ਸ਼ਕਤੀ ਦੇ ਧਾਰਨੀ ਖ਼ਾਲਸਾ ਜੀ ਦਾ ਜਨਮ-ਦਿਹਾੜਾ ਵੈਸਾਖੀ ਦਾ ਪੁਰਬ ਮਨਾਣ ਲਈ ਹੁਮ-ਹੁਮਾ ਕੇ ਅੰਮ੍ਰਿਤਸਰ ਜੀ ਪੁਜੋ। ਅੰਮ੍ਰਿਤ-ਸਰੋਵਰ ਦੇ ਚੁਭੇ, ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਦੀਦਾਰੇ ਅਤੇ ਗੁਰਬਾਣੀ ਦੇ ਨਿਰਬਾਣ ਕੀਰਤਨ ਦੇ ਲਾਹੇ ਪ੍ਰਾਪਤ ਕਰ ਕੇ ਜਨਮ ਸਫਲਾ ਕਰੋ।

ਜਿਨ੍ਹਾਂ ਸਜਣਾਂ ਨੇ ਅਜੇ ਤਕ ਖੰਡੇ ਦਾ ਅੰਮ੍ਰਿਤ ਪਾਨ ਨਹੀਂ ਕੀਤਾ ਉਹ ਸਗੁਰੇ ਬਣਨ ਲਈ ਪੰਜ ਕਕਾਰੀ ਰਹਿਤ ਧਾਰਨ ਕਰ ਕੇ ਪਰਵਾਰਾਂ ਸਮੇਤ ਪੁਜ ਜਾਣ ਅਤੇ ਇਸ ਦਾਤ ਨੂੰ ਰੰਗਾਂ ਵਿਚ ਪ੍ਰਾਪਤ ਕਰਨ ਲਈ ਸਾਰਾ ਸਮਾਂ ਸ੍ਰੀ ਅਖੰਡ ਪਾਠ ਅਤੇ ਕੀਰਤਨ-ਮੰਡਲਾਂ ਵਿਚ ਜੁੜੇ ਰਹਿਣ ਦਾ ਪੂਰਾ ਜਤਨ ਕਰਨ।

ਪੂਰਾ ਪ੍ਰੋਗਰਾਮ ਪਿਛਲੇ ਪਾਸੇ ਵੇਖੋ ਜੀ।

ਪੁੱਛ ਗਿਛ ਲਈ—
"ਸੂਰਾ" ਮਾਸਕ ਪੱਤਰ, ਮਾਈ ਸੇਵਾਂ, ਅੰਮ੍ਰਿਤਸਰ

ਸੰਗਤਾਂ ਦਾ ਦਾਸਰਾ—ਮੱਲ ਸਿੰਘ (ਜੱਥੇਦਾਰ)
ਸਰਬ ਹਿੰਦ ਅਖੰਡ ਕੀਰਤਨੀ ਜੱਥਾ, ਭਾਰਤ ਵਰਸ਼

www.AKJ.Org

## - ਪ੍ਰੋਗਰਾਮ -

### ੧੧ ਅਪ੍ਰੈਲ ੧੯੭੭, ਸੋਮਵਾਰ

ਸਵੇਰੇ ੪-੩੦ ਤੋਂ ੭-੪੫ ਕੀਰਤਨ ਆਸਾ ਦੀ ਵਾਰ ੮੩-੮੪ ਅਜੀਤ ਨਗਰ ਵਿਖੇ
— ੮-੦੦ ਸ੍ਰੀ ਅਖੰਡ ਪਾਠ ਅਰੰਭ
ਸ਼ਾਮ ੬-੦੦ ਤੋਂ ੯-੦੦ ਅਖੰਡ ਕੀਰਤਨ ਗੁ: ਗੁਰੂ ਕੇ ਮਹਿਲ ਵਿਖੇ

### ੧੨ ਅਪ੍ਰੈਲ ੧੯੭੭, ਮੰਗਵਾਰ

ਸਵੇਰੇ ੩-੩੦ ਤੋਂ ੬-੩੦ ਕੀਰਤਨ ਆਸਾ ਦੀ ਵਾਰ ਸ੍ਰੀ ਹਰਿਮੰਦਰ ਸਾਹਿਬ
੬-੪੫ ਤੋਂ ੮-੧੫ ਕੀਰਤਨ ਦੀ ਚੌਕੀ ਸ੍ਰੀ ਹਰਿਮੰਦਰ ਸਾਹਿਬ
ਸ਼ਾਮ ੬-੦੦ ਤੋਂ ੯-੦੦ ਅਖੰਡ ਕੀਰਤਨ ਗੁ: ਪਿਪਲੀ ਸਾਹਿਬ (ਪੁਤਲੀ ਘਰ)

### ੧੩ ਅਪ੍ਰੈਲ ੧੯੭੭, ਬੁਧਵਾਰ

ਸਵੇਰੇ — ੫-੦੦ ਸਮਾਪਤੀ ਸ੍ਰੀ ਅਖੰਡ ਪਾਠ ਅਜੀਤ ਨਗਰ ਵਿਖੇ
੫-੩੦ ਤੋਂ ੧-੦੦ ਦੁਪਹਿਰ ਤਕ ਅਖੰਡ ਕੀਰਤਨ ਅਜੀਤ ਨਗਰ ਵਿਖੇ
ਸ਼ਾਮ — ੪-੦੦ ਠੀਕ ਵਕਤ ਤੇ ਅੰਮ੍ਰਿਤ-ਸਿੰਚਾਰ ਸਮਾਗਮ ਅਜੀਤ ਨਗਰ
ਰਾਤ — ੭-੩੦ ਸੋਦਰ ਤੇ ਰੈਣ-ਸਬਾਈ ਕੀਰਤਨ ਅਰੰਭ ,, ,,

### ੧੪ ਅਪ੍ਰੈਲ ੧੯੭੭, ਵੀਰਵਾਰ

ਸਵੇਰੇ — ੬-੩੦ ਸਮਾਪਤੀ ਰੈਣ ਸਬਾਈ

ਨੋਟ :—੧. ਰਿਹਾਇਸ਼ ਆਦਿ ਲਈ ੮੩-੮੪ ਅਜੀਤ ਨਗਰ, ਬੈਰੂਨ ਸੁਲਤਾਨਵਿੰਡ ਗੇਟ, ਅੰਮ੍ਰਿਤਸਰ ਜੀ ਪੁਜੋ ।
੨. ਲੋੜ ਅਨੁਸਾਰ ਬਿਸਤਰੇ ਜ਼ਰੂਰ ਲਿਆਓ ਜੀ ।
ਸਮਾਗਮ ਤੇ ਅਨੰਦ ਕਾਰਜ ਕਰਾਉਣ ਦੀ ਇਤਲਾਹ ਪਹਿਲਾਂ ਭੇਜੋ ਜੀ ।

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥




ਸਲਾਨਾ ਚੰਦਾ ੮—੦੦
ਪਰਦੇਸ ' ੧੮—੫੦
ਹਵਾਈ ਰੇਟ ਵੱਖ ਵੱਖ
ਇਕ ਪਰਚਾ ੦—੭੫

ਸੰਪਾਦਕੀ ਬੋਰਡ

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਗਿ: ਜਸਵੰਤ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ

ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੧ — ਅਪ੍ਰੈਲ ੧੯੭੭ — ਅੰਕ ੪

# ਨਾਨਕ ਵੈਸਾਖੀਂ ਪ੍ਰਭੁ ਭਾਵੈ

ਵੈਸਾਖੁ ਭਲਾ ਸਾਖਾ ਵੇਸ ਕਰੇ ॥
ਧਨ ਦੇਖੈ ਹਰਿ ਦੁਆਰਿ, ਆਵਹੁ ਦਇਆ ਕਰੇ ॥
ਘਰਿ ਆਉ ਪਿਆਰੇ ਦੁਤਰ ਤਾਰੇ, ਤੁਧੁ ਬਿਨੁ ਅਢੁ ਨ ਮੋਲੋ ॥
ਕੀਮਤਿ ਕਉਣ ਕਰੇ ਤੁਧੁ ਭਾਵਾਂ, ਦੇਖਿ ਦਿਖਾਵੈ ਢੋਲੋ ॥
ਦੂਰਿ ਨ ਜਾਨਾ ਅੰਤਰਿ ਮਾਨਾ, ਹਰਿ ਕਾ ਮਹਲੁ ਪਛਾਨਾ ॥
ਨਾਨਕ ਵੈਸਾਖੀਂ ਪ੍ਰਭੁ ਭਾਵੈ, ਸੁਰਤਿ ਸਬਦਿ ਮਨੁ ਮਾਨਾ ॥੬॥

ਸਾਖਾ = ਸ਼ਾਖ਼ਾਂ, ਟਾਹਣੀਆਂ । ਵੇਸ ਕਰੇ = ਨਵੇਂ ਪੱਤਰ ਫੁਟੇ ਹਨ । ਧਨ = ਇਸਤ੍ਰੀ । ਦੇਖੈ = ਵੇਖਦੀ ਹੈ । ਦੁਆਰਿ = ਬੂਹੇ ਵਿਚ । ਕਰੇ = ਕਰਿ, ਕਰ ਕੇ । ਦੁਤਰ = ਔਖਾ ਤਰਿਆ ਜਾਣ ਵਾਲਾ ਸੰਸਾਰ । ਤਾਰੇ = ਤਾਰਿ, ਤਾਰ ਲੈ । ਅਢੁ = ਕੌਡੀ । ਦੇਖਿ ਦਿਖਾਵੈ = (ਆਪ) ਦਰਸ਼ਨ ਕਰ ਕੇ (ਮੈਨੂੰ) ਦਰਸ਼ਨ ਕਰਾ ਦੇਵੇ । ਢੋਲੋ = ਢੋਲੇ (ਪਿਆਰੇ) ਦਾ । ਜਾਨਾ = ਜਾਣਦੀ ਹਾਂ । ਮਾਨਾ = ਮੰਨਦੀ ਹਾਂ । ਵੈਸਾਖੀਂ = ਵੈਸਾਖ ਵਿਚ । ਸਬਦਿ = ਸ਼ਬਦ ਵਿਚ ।

ਚਿੱਠੀ ਪੱਤਰ ਤੇ ਰਕਮ ਭੇਜਣ ਲਈ :—
ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ

www.AKJ.Org

# ਅੰਤਰਯਾਮੀ ਸਤਿਗੁਰੂ ਦਸਮੇਸ਼ ਜੀ ਦਾ ਵਿਸਾਖੀ ਤੇ
# ਅੰਮ੍ਰਿਤ ਸਮਾਗਮ ਰਚਣ ਦਾ ਚੋਜ

[ਵਲੋਂ :—ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਇਸੇ ਚੋਜ ਰਚਣ ਖ਼ਾਤਰ ਹੀ ਸਤਿਗੁਰੂ ਦਸਮੇਸ਼ ਜੀ ਨੇ ਨੈਨਾਂ ਦੇਵੀ ਦਾ ਦੰਭ-ਨਿਵਾਰਨੀ ਪਖੰਡ ਹਿੰਦਵੈਣੀ ਅਚਾਰਜਾਂ ਦਾ ਨਵਿਰਤ ਕਰਨ ਖ਼ਾਤਰ ਹੀ ਇਹ ਸਾਰਾ ਅਡੰਬਰ ਨੈਣਾਂ ਦੇਵੀ ਦੇ ਪਰਸਿੱਧ ਟਿੱਲੇ ਉਤੇ ਰਚਨ ਕੀਤਾ, ਦੇਵੀ ਪਰਸਿਧ ਕਰਨ ਖ਼ਾਤਰ ਨਹੀਂ ਕੀਤਾ। ਪ੍ਰਿਥਮ ਤਾਂ ਹਿੰਦੂ ਪਖੰਡੀ ਮੱਤ ਦੇ ਅਚਾਰਜਾਂ ਦਾ ਇਹ ਹਮਾਕਤ ਭਰਿਆ ਪਖੰਡ ਦੂਰ ਕੀਤਾ ਅਤੇ ਉਨ੍ਹਾਂ ਪਖੰਡੀਆਂ ਦਾ ਜੋ ਇਹ ਦਾਅਵਾ ਸੀ ਕਿ ਅਸੀਂ ਆਪਣੀ ਜਾਨ ਦੀ ਅਹੂਤੀ ਦੇ ਕੇ ਦੇਵੀ ਪਰਸਿਧ ਕਰਾਂਗੇ, ਬਹੁਤ ਸਾਰੀ ਸਾਮਿਗਰੀ ਉਨ੍ਹਾਂ ਨੇ ਇਕੱਤਰ ਕਰਵਾਈ। ਓੜਕ ਜਦ ਉਨ੍ਹਾਂ ਤੋਂ ਕੁਛ ਨਾ ਸਰਿਆ ਤਾਂ ਪਿਠ ਦੇ ਕੇ ਭੱਜ ਨਸੇ। ਉਨ੍ਹਾਂ ਦੇ ਭਜ ਨਸਣ ਪਸ਼ਚਾਤ ਰਹਿੰਦ-ਖੂੰਹਦ ਸਾਰੀ ਸਾਮਿਗਰੀ ਜੋ ਭੱਜ ਨਿਕਲਣ ਵਾਲੇ ਪਖੰਡੀ ਬ੍ਰਾਹਮਣਾਂ ਨੇ ਇਕੱਤਰ ਕਰਵਾਈ ਸੀ, ਸਾਰੀ ਦੀ ਸਾਰੀ ਇਕ-ਦਮ ਪ੍ਰਚੰਡਕਾ ਦੇ ਭੇਟ ਕਰ ਦਿਤੀ, ਜਿਸ ਕਰਕੇ ਬੜਾ ਹੀ ਚਾਨਣਾ ਪ੍ਰਚੰਡ ਹੋ ਗਿਆ, ਜਿਸ ਨੂੰ ਆਮ ਕੁਬੁਧੀ ਵਾਲੇ ਲੋਕ ਦੇਵੀ ਪਰਗਟ ਹੋਈ ਸਮਝਣ ਲਗ ਪਏ। ਸੱਚੇ ਪਾਤਸ਼ਾਹ ਸ੍ਰੀ ਦਸਮੇਸ਼ ਜੀ ਨੇ ਉਸ ਟਿੱਬੇ ਉਤੋਂ ਉਤਰ ਕੇ ਅਤੇ ਵੰਗਾਰ ਕੇ ਆਮ ਲੋਕਾਂ ਨੂੰ ਦਸਿਆ ਕਿ ਖ਼ਾਲਸਾ ਜੀ ਦੀ (ਗੁਰੂ ਘਰ ਦੀ) ਇਹੋ ਦੇਵੀ ਸ੍ਰੀ ਸਾਹਿਬ ਅਥਵਾ 'ਭਗਉਤੀ' ਹੈ, ਹੋਰ ਕੋਈ ਦੇਵੀ ਨਹੀਂ।

ਉਦੋਂ ਪਿਛੋਂ ਸ੍ਰੀ ਦਸਮੇਸ਼ ਜੀ ਨੇ ਦੂਜਾ ਚੋਜ ਇਹ ਰਚਿਆ ਕਿ ਤੰਬੂ ਤਾਣ ਕੇ ਉਸ ਦੇ ਅੰਦਰੋ ਅੰਦਰ ਪੰਜਾਂ ਪਿਆਰਿਆਂ ਦਾ ਸੀਸ ਲੈ ਕੇ ਅਤੇ ਉਸ ਤੰਬੂ ਦੇ ਅੰਦਰ ਪੰਜਾਂ ਸਿੰਘਾਂ ਤੋਂ ਖ਼ੁਦ ਅੰਮ੍ਰਿਤ ਛਕ ਕੇ ਸਾਵਧਾਨ ਹੋ ਨਿਕਲੇ। ਇਹ ਇਤਿਹਾਸਕਾਰਾਂ ਦੀ ਬਿਲਕੁਲ ਗ਼ਲਤ ਸਟੋਰੀ (ਕਹਾਣੀ) ਪਾਈ ਹੋਈ ਹੈ ਕਿ ਤੰਬੂ ਦੇ ਅੰਦਰ ਪੰਜ ਬੱਕਰੇ ਬੱਧੇ ਗਏ :—

ਨਾਟਕ ਚੇਟਕ ਕੀਏ ਕੁਕਾਜਾ॥
ਪ੍ਰਭ ਲੋਗਨ ਕੈ ਆਵਤ ਲਾਜਾ॥

ਦੇ ਮਹਾਂਵਾਕ ਅਨੁਸਾਰ ਗੁਰਮਤਿ ਅਨੁਸਾਰ ਇਹ ਮਹਾਂ ਕੁਕਾਜ ਗਰਦਾਨਿਆ ਜਾ ਸਕਦਾ ਹੈ ਕਿ ਸਤਿਗੁਰੂ ਸ੍ਰੀ ਦਸਮੇਸ਼ ਜੀ ਕਰਨ ਕੁਛ ਤੇ ਦਿਖਾਉਣ ਕੁਛ। ਆਮ ਲੋਕੀ ਇਸ ਕੌਤਕ ਨੂੰ ਦੇਖ ਕੇ ਦੰਗ ਰਹਿ ਗਏ। ਵਰਨ ਆਸ਼ਰਮ ਸਾਰੇ ਮਿਟਾ ਕੇ ਸਤਿਗੁਰੂ ਜੀ ਨੇ ਸਾਰੇ ਵਰਨਾਂ ਦੇ ਸਾਂਝੇ ਪੰਜ ਪਿਆਰੇ ਸੀਸ ਭੇਟਾ ਲੈ ਕੇ ਰਚੇ ਤੇ ਉਨ੍ਹਾਂ ਪੰਜਾਂ ਪਿਆ-ਰਿਆਂ ਪਾਸੋਂ ਉਸੇ ਤੰਬੂ ਅੰਦਰ ਹੀ ਅੰਮ੍ਰਿਤ-ਪਾਨ ਕੀਤਾ ਅਤੇ "ਧੰਨ ਧੰਨ (ਗੁਰੂ) ਗੋਬਿੰਦ ਸਿੰਘ ਆਪੇ ਗੁਰ ਚੇਲਾ" ਦੀ ਰੀਤ ਚਲਾਈ।

ਇਹ ਇਤਫ਼ਾਕ ਦੀ ਗੱਲ ਸੀ ਕਿ ਉਸ ਸਮੇਂ ਪੰਜ ਪਿਆਰੇ ਜੋ ਨਿਤਰੇ, ਉਹ ਗਿਣਵੇਂ ਪੰਜਾਂ ਵਰਨਾਂ ਵਿਚੋਂ ਹੀ ਸਨ। ਇਸ ਦਾ ਇਹ ਭਾਵ ਨਹੀਂ ਕਿ ਇਸਤ੍ਰੀ-ਜਾਤੀ ਆਦਿਕ ਹੋਰ ਸਾਰੇ ਵਰਨ ਵਾਂਝੇ ਰਖੇ ਗਏ, ਜੈਸਾ ਕਿ ਝੀਵਰ, ਨਾਈ ਆਦਿਕ ਵਰਨਾਂ ਵਿਚੋਂ ਲਏ ਗਏ। ਪੰਜਾਂ ਪਿਆਰਿਆਂ ਦੀ ਮਿਸਾਲ ਲੈ ਕੇ ਅਜ ਕਲ੍ਹ ਦੇ ਥੋੜ੍ਹ-ਦਿਲੇ ਵਰਨ-ਆਸ਼ਰਮੀ ਹਮਾਕਤ-ਬਾਜ਼ ਇਹ ਪਰਗਟ ਕਰਦੇ ਹਨ ਕਿ ਉਨ੍ਹਾਂ ਗੇਣਵੇਂ ਵਰਨ-ਆਸ਼ਰਮੀ ਪੰਜ ਪਰਕਾਰੀ ਬੰਦਿਆਂ ਤੋਂ ਬਾਹਰ ਹੋਰ ਕੋਈ ਵਰਨ ਆਸ਼ਰਮੀ ਬੰਦਾ ਪੰਜਾਂ ਪਿਆਰਿਆਂ ਵਿਚ ਲਿਆ ਹੀ ਨਹੀਂ ਜਾ ਸਕਦਾ। ਇਸਤ੍ਰੀ ਜਾਤੀ ਨੂੰ ਆਮ ਹਿੰਦਵੈਣੀ ਅਕੀਦੇ ਅਨੁਸਾਰ ਸ਼ੂਦਰ ਜਾਤੀ ਵਿਚ ਸ਼ੁਮਾਰ ਕੀਤਾ ਜਾਂਦਾ ਸੀ, ਜੋ ਅਜ ਕਲ੍ਹ ਉਸੇ ਘਟੀਅਲ ਅਕੀਦੇ ਵਾਲੇ ਨਾਈ ਝੀਵਰ ਆਦਿਕ ਪੰਜਾਂ ਪਿਆਰਿਆਂ ਦੀ ਮਿਸਾਲ ਵਾਲੇ ਕੁਸਮਝ ਲੋਗ ਕੁਸਮਝੀ ਬੈਠੇ ਹਨ। ਅਨੇਕਾਂ ਹੀ ਇਸਤ੍ਰੀ ਪੁਰਸ਼ ਆਨ ਵਰਨ ਆਸ਼ਰਮਾਂ ਵਿਚੋਂ ਸ੍ਰੀ ਦਸਮੇਸ਼ ਜੀ ਨੇ ਸਿੰਘ ਸਜਾਏ। ਏਥੋਂ ਤਕ ਕਿ ਮੁਹੰਮਦੀਆਂ ਤੇ ਚੌਥੇ ਪੌੜੇ ਵਾਲੇ (ਅਖਾਉਤੀ ਰੰਗਰੇਟੇ) ਨੂੰ ਵੀ ਖੰਡੇ ਦੇ ਅੰਮ੍ਰਿਤ ਦਾ ਬਾਟਾ ਪ੍ਰਦਾਨ ਕਰ ਕੇ ਉਚ ਦੁਮਾਲੜੇ ਵਾਲਾ ਸਿੰਘ ਸਜਾਇਆ।

ਸ੍ਰੀ ਦਸਮੇਸ਼ ਜੀ ਦਾ ਇਹ ਚੋਜ ਨਿਰਾਲਾ ਹੈ। ਕੇਵਲ ਵਿਸਾਖੀ ਵਾਲੇ ਦਿਨ ਹੀ ਇਹ ਚੋਜ ਰਚਿਆ ਗਿਆ ਅਤੇ ਅੰਮ੍ਰਿਤ ਦਾ ਖੁਲ੍ਹਾ ਬਾਟਾ ਉਸੇ ਤੰਬੂ ਅੰਦਰ ਹੀ ਤਿਆਰ ਕੀਤਾ ਗਿਆ। ਇਹ ਕੈਸੀ ਹਾਸੋ-ਹੀਣੀ ਗੱਲ ਹੈ ਕਿ ਐਡਾ ਵਡਾ ਤੰਬੂ ਪੰਜਾਂ ਬਕਰਿਆਂ ਦੀ ਖ਼ਾਤਰ ਹੀ

www.AKJ.Org

ਤਿਆਰ ਕੀਤਾ ਸੀ ? ਉਸੇ ਤੰਬੂ ਦੇ ਅਸਥਾਨ ਤੇ ਹੀ ਸੀਸ ਭੇਟ ਗੁਰਦੁਆਰਾ ਤਿਆਰ ਹੋਇਆ ਅਤੇ ਉਸੇ ਅਸਥਾਨ ਤੇ ਹੀ ਸ੍ਰੀ ਕੇਸਗੜ੍ਹ ਗੁਰਦੁਆਰਾ ਸਸ਼ੋਭਤ ਹੈ ਅਤੇ ਅਜ ਤਾਈਂ ਪਰਸਿੱਧ ਹੈ। ਖ਼ਾਲਸਾ ਜੀ ਨੂੰ ਮ੍ਰਿਤੂ ਦੇ ਘਾਟ ਤੋਂ ਪਾਰ ਉਤਾਰਨ ਵਾਲੀ ਸ੍ਰੀ ਸਾਹਿਬ (ਭਗਉਤੀ) ਹੀ ਅੰਮ੍ਰਿਤ ਸਰੂਪਾ ਜੀਅ-ਦਾਨ ਬਖਸ਼ਣ ਲਈ ਸਮਰਥ ਹੈ। ਹੋਰ ਕੋਈ ਦੇਵੀ ਖ਼ਾਲਸਾ ਪੰਥ ਅੰਦਰ ਗੁਰਮਤਿ ਅਨੁਸਾਰ ਪ੍ਰਮਾਣੀਕ ਹੀ ਨਹੀਂ। ਇਸੇ ਸ੍ਰੀ ਸਾਹਿਬ(ਭਗਉਤੀ) ਨੂੰ ਲੈ ਕੇ ਹੀ ਸ੍ਰੀ ਦਸਮੇਸ਼ ਜੀ ਨੇ ਇਉਂ ਵੰਗਾਰਿਆ—

ਦੁਹੂ ਪੰਥ ਮੈ ਕਪਟ ਵਿਦਿਆ ਚਲਾਨੀ ॥
ਬਹੁਰ ਤੀਸਰੋ ਪੰਥ ਕੀਨੋ ਪ੍ਰਧਾਨੀ ॥

ਦੋਊ ਪੰਥ ਦਾ ਭਾਵ ਇਥੇ ਹਿੰਦੂ ਮੱਤ ਅਤੇ ਤੁਰਕ ਮੱਤ (ਬੇਦ ਕਤੇਬੀ ਮੱਤ) ਦਾ ਹੈ, ਤੀਸਰੋ ਪੰਥ ਖ਼ਾਲਸੇ ਦਾ ਮਤਲਬ ਹੈ। ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ :—

ਹਿੰਦੂ ਅੰਨਾ ਤੁਰਕੂ ਕਾਣਾ ॥
ਦੁਹਾਂ ਤੇ ਗਿਆਨੀ ਸਿਆਣਾ ॥

ਇਥੇ ਗਿਆਨੀ ਦਾ ਭਾਵ ਖ਼ਾਲਸਾ ਹੈ। ਸ੍ਰੀ ਦਸ਼ਮੇਸ਼ ਜੀ ਨੇ ਇਹ ਖ਼ਾਲਸਾ ਪੰਥ ਕੇਵਲ ਹਿੰਦੂਆਂ ਨੂੰ ਹੀ ਤਾਰਨ ਲਈ ਨਹੀਂ ਰਚਿਆ, ਬਲਕਿ ਤੁਰਕਾਂ ਮੁਹੰਮਦੀਆਂ ਦਾ ਇਕ-ਸਾਰ ਹੀ ਹੱਕ ਰਖਿਆ ਗਿਆ ਹੈ। ਤਾਂ ਤੇ ਇਹ ਗੱਲ ਕਹਿਣੀ ਸ੍ਰੀ ਦਸਮੇਸ਼ ਜੀ ਦੇ ਪੰਥ ਨੂੰ ਛੁਟਿਆਉਣ ਵਾਲੀ ਗੱਲ ਹੈ ਕਿ ਖ਼ਾਲਸਾ ਪੰਥ ਕੇਵਲ ਹਿੰਦੂਆਂ ਨੂੰ ਤਾਰਨ ਵਾਸਤੇ ਹੀ ਰਚਿਆ ਗਿਆ। ਹਿੰਦੂਆਂ ਤੁਰਕਾਂ ਅਤੇ ਮਲੇਛਾਂ ਲਈ ਇਹ ਸਾਂਝਾ ਉਪਦੇਸ਼ ਹੀ ਗੁਰੂ ਦਸਮੇਸ਼ ਜੀ ਨੇ ਪਹਿਲੇ ਸਮੱਗਰ ਗੁਰੂ ਸਾਹਿਬਾਨ ਦੀ ਤਾਈਦੀ ਪੇਸ਼ਕਸ਼ ਅਨੁਸਾਰ ਹੀ ਰਚਿਆ ਅਤੇ ਖੂਬ ਨਿਆਰਾ ਰੱਖਣ ਦੀ ਸਾਜਨਾ ਵਿਚ ਸਾਜਿਆ। ਪਹਿਲੀਆਂ ਸਮੱਗਰ ਗੁਰੂ ਪਾਤਸ਼ਾਹੀਆਂ ਨੂੰ ਵੀ ਇਹੋ ਹੀ ਮਨਜ਼ੂਰ ਸੀ। ਸ੍ਰੀ ਦਸਮੇਸ਼ ਜੀ ਨੇ ਕੋਈ ਨਵੀਨ ਘਾੜਤ ਨਹੀਂ ਘੜੀ। ਹਾਂ, ਇਸ ਵਿਸਾਖੇ ਦਾ ਪਵਿਤਰ ਦਿਹਾੜਾ ਸਰਬਤ੍ਰ ਮੱਤ-ਮਤਾਂਤਰੀ ਭੇਖਾਂ ਅੰਦਰ ਅੰਮ੍ਰਿਤ ਦਾ ਸਾਂਝਾ ਖੰਡਾ ਖੜਕਾਉਣ ਵਾਸਤੇ ਖ਼ਾਸ ਮਖ਼ਸੂਸ ਤੌਰ ਤੇ ਇਸ ਵਿਸਾਖੇ ਦੇ ਗੁਰਪੁਰਬ ਨੂੰ ਹੀ ਨਿਆਰਾ ਕਰਕੇ ਪਰਗਟ ਪਹਾਰਾ ਦਿਤਾ ਤਾਂ ਸ੍ਰੀ ਦਸਮੇਸ਼ ਜੀ ਨੇ ਹੀ ਦਿਤਾ।

ਤਾਂ ਤੇ ਇਸ ਵਿਸਾਖੇ ਦੇ ਦਿਹਾੜੇ ਦੀ ਬਜ਼ੁਰਗੀ ਅਤੇ ਮਹੱਤਤਾ ਇਸੇ ਗੱਲ ਕਰਕੇ ਹੈ ਕਿ ਇਸ ਦਿਨ ਖੰਡੇ ਦੇ ਅੰਮ੍ਰਿਤ ਦਾ ਖੁਲ੍ਹਾ ਬਾਟਾ ਤਿਆਰ ਕੀਤਾ ਜਾਵੇ। ਪਰ ਇਹ ਗੱਲ ਬਿਲਕੁਲ ਗੁਰਮਤਿ ਤੋਂ ਹੀਣੀ ਹੈ ਕਿ ਆਮ ਅਨਮਤਿ ਸ਼੍ਰੇਣੀ ਦੀ ਮਜਲਸ ਵਿਖੇ ਹੀ ਇਹ ਬਾਟਾ ਤਿਆਰ ਕੀਤਾ ਜਾਵੇ। ਤਾਂ ਤੇ ਇਹ ਅੰਮ੍ਰਿਤ ਦਾ ਬਾਟਾ ਪਰੰਪਰਾ ਤੋਂ ਹੀ, ਅਰਥਾਤ ਸ੍ਰੀ ਦਸਮੇਸ਼ ਜੀ ਦੇ ਸਮੇਂ ਤੋਂ ਹੀ ਗੁਰਮਤਿ ਲੁਪਤ ਮੰਡਲਾਂ ਵਿਚ ਹੀ ਤਿਆਰ ਕੀਤਾ ਜਾਂਦਾ ਹੈ। ਅਨਮਤ ਦ੍ਰਿਸ਼ਟੀ ਦੀ ਲੇਪ ਛੇਪ ਤੋਂ ਨਿਆਰਾ ਅਤੇ ਅਛੇਪ ਰੱਖਣ ਲਈ ਹੀ ਅੰਮ੍ਰਿਤ ਮਰਯਾਦਾ ਗੋਝ ਰਤਨਾਗਰੀ ਰਖੀ ਗਈ ਹੈ। "ਬਧੇ ਪੰਥ ਪਰ ਧਰਮ ਨ ਹੋਇ" ਵਾਲੀ ਗੱਲ ਹੀ ਨਹੀਂ ਕੀਤੀ ਗਈ; ਨਾ ਹੀ ਇਹ ਹਰੀ ਅੰਗੂਰੀ ਕੇਵਲ ਹਿੰਦਵੈਣ ਨਮਿਤ ਹੀ ਸ੍ਰੀ ਦਸਮੇਸ਼ ਜੀ ਨੇ ਤਿਆਰ ਕੀਤੀ ਹੈ, ਇਹ ਖ਼ਿਆਲ ਕੇਵਲ ਢਿੱਲੜ ਹਿੰਦਵੈਣ ਮਤੀ ਕੁਬੁਧਿ ਮਤੀਸ਼ਰਾਂ ਦਾ ਹੀ ਹੈ। ਖ਼ਾਲਸਾ ਪੰਥ ਵਿਚ ਇਤਰ ਜ਼ਾਤ-ਪਾਤ ਸਮੱਗਰ ਪੁਰਸ਼ ਹੀ ਸ਼ਾਮਲ ਹੋ ਸਕਦੇ ਹਨ। ਸ੍ਰੀ ਦਸਮੇਸ਼ ਜੀ ਦੀ ਹਰ ਪ੍ਰਕਾਰ ਦੀ ਪ੍ਰਚਲਤ ਕੀਤੀ ਗੁਰ-ਮਰਯਾਦਾ ਹੀ ਲੇਖੇ ਪੈਂਦੀ ਹੈ।

ਇਹ ਗੱਲ ਭੀ ਬਿਲਕੁਲ ਬੇਬੁਨਿਆਦ ਹੈ ਕਿ ਸ੍ਰੀ ਦਸਮੇਸ਼ ਜੀ ਦੇ ਸਮੇਂ ਦਾ ਅੰਮ੍ਰਿਤ ਤਿਆਰ ਕਰਵਾਉਣ ਵਾਲਾ ਖੰਡਾ ਹੀ ਸਾਰੀਆਂ ਸਿੱਧਾਂ ਨੂੰ ਪੂਰਿਆਂ ਸਿੱਧ ਕਰ ਸਕਦਾ ਹੈ। ਇਹ ਸ੍ਰੀ ਦਸਮੇਸ਼ ਜੀ ਦੇ ਪਵਿੱਤਰ ਹੱਥਾਂ ਦਾ ਖੰਡਾ ਅਪਵਿਤਰ ਹੱਥਾਂ ਵਿਚ ਆ ਕੇ ਹੋਰ ਵੀ ਹੀਣਤਾ ਵਾਲੀ ਗੱਲ ਹੋ ਜਾਂਦੀ ਹੈ. ਜੈਸਾ ਕਿ ਅਨੇਕਾਂ ਥਾਵਾਂ ਤੇ ਹੋਈ ਹੈ। ਬੇਸ਼ਕ ਭਾਵੇਂ ਲੱਖਾਂ ਨਰਾਂ ਪ੍ਰਾਣੀਆਂ ਨੂੰ ਕੇਵਲ ਇਸ ਖੰਡੇ ਦੁਆਰਾ ਅੰਮ੍ਰਿਤ ਛਕਾਇਆ ਜਾਵੇ, ਪਰੰਤੂ ਜਦ ਤਕ ਸ੍ਰੀ ਦਸਮੇਸ਼ ਜੀ ਦੀ ਦਰਸਾਈ ਅਤੇ ਦ੍ਰਿੜ੍ਹਾਈ ਰਹਿਤ-ਬਹਿਤ ਧਾਰਨ ਨਾ ਕਰਵਾਈ ਜਾਵੇ ਉਸ ਵਕਤ ਤਕ ਲੱਖਾਂ ਦੀਆਂ ਲੱਖਾਂ ਭੇਡਾਂ ਹੀ ਰਹਿ ਜਾਂਦੀਆਂ ਹਨ, ਜੈਸੇ ਕਿ ਲੰਗੋਟੀਆਂ ਵਾਲੇ ਮਾਹਣੂੰ ਹੀ ਰਹਿ ਗਏ ਹੋਏ ਹਨ।

ਤਾਂ ਤੇ ਸ੍ਰੀ ਦਸਮੇਸ਼ ਜੀ ਦਾ ਕੇਵਲ ਵਿਸਾਖੇ ਦੇ ਸਮਾਗਮ ਸਮੇਂ ਖੰਡੇ-ਧਾਰ ਅੰਮ੍ਰਿਤ ਦਾ ਬਾਟਾ ਤਿਆਰ ਕਹਨਾ ਇਸ ਗੱਲ ਦੀ ਪਰਸਿੱਧ ਦਲੀਲ ਸਾਬਤ ਹੋ ਗਈ ਕਿ ਖ਼ਾਲਸਾ ਸੋ ਹੈ ਜੋ ਸਰਬਤ੍ਰ ਗੁਰਮਤਿ ਗੁਣਾਂ ਸਹਿਤ ਪ੍ਰਬੀਨ ਹੋਵੇ। ['ਗੁਰਮਤਿ ਪ੍ਰਕਾਸ਼' ਪੁਸਤਕ ਵਿਚੋਂ



www.AKJ.Org

# ਬਿਬੇਕੀ ਦਾ ਗੁਰਮਤਿ ਅਹਾਰ

[ਵਲੋਂ :—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਹੁਣ ਅਸੀਂ ਉਸ ਗੁਰਮਤਿ ਬਿਬੇਕ ਦੇ ਮੁਖ ਪ੍ਰਕਰਣ ਨੂੰ ਅਰੰਭਦੇ ਹਾਂ ਜਿਸ ਦੇ ਧਾਰਨ ਕਰਿ, ਗੁਰਮਤਿ ਬਿਬੇਕੀ ਜਨ ਗੁਰੂ-ਘਰ ਅੰਦਰ ਪ੍ਰਸਿਧ ਬਿਬੇਕੀ (ਬਿਬੇਕ-ਧਾਰੀ) ਨਾਮ ਕਰਕੇ ਉਘੇ (ਨਾਮਜ਼ਦ) ਹਨ ।

ਮਨੁਖਾ ਜਨਮ ਦਾ ਮੁਖ ਪਰਯੋਜਨ ਅਕਾਲ ਪੁਰਖ ਪ੍ਰੀਤਮ ਦੀ ਪ੍ਰਾਪਤੀ ਹੈ ਅਤੇ ਇਸ ਪ੍ਰਾਪਤੀ ਦਾ ਇਕੋ ਮੁਖ ਦੁਆਰਾ (ਵਸੀਲਾ) ਨਾਮੁ, ਗੁਰਮਤਿ ਨਾਮੁ ਹੈ । ਏਥੇ ਨਾਮ ਦੀ ਦਾਤ, ਜੀਅ ਦਾਨ ਦੇਣ ਲਈ ਸ੍ਰੀ ਸੱਚੇ ਸਤਿ-ਗੁਰੂ ਸਾਹਿਬਾਨ "ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ" ਅਤੇ "ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ (ਪੰਨਾ ੭੪੯) ਵਾਲਾ ਸਚਾ ਪਰਉਪਕਾਰ ਸਤਿਗੁਰਾਂ ਨੇ ਪਰਤੱਖ ਕਰ ਕੇ ਦਿਖਾਇਆ ਅਤੇ "ਜੀਅ ਦਾਨ" ਦੀ ਗੁੜ੍ਹਤੀ ਦੇ ਕੇ "ਭਗਤੀ ਲਾਇਨਿ" ਅਤੇ "ਹਰਿ ਸਿਉ ਲੈਨਿ ਮਿਲਾਏ" ਦੀ ਪੱਕੀ ਨੀਂਹ, ਜੁਗੋ ਜੁਗ ਅਟੱਲ ਨੀਂਹ ਰੱਖੀ । ਇਸ ਜੀਅ ਦਾਨ ਦੀ ਜੀਵਨ-ਕਣੀ ਅੰਮ੍ਰਿਤ-ਨਾਮ ਨੂੰ ਮਨੁੱਖਾ ਜਨਮ ਦੇ ਮੁਖ ਪ੍ਰਯੋਜਨ ਦੀ ਪ੍ਰਾਪਤੀ ਦਾ ਮੁਖ ਸਾਧਨ ਬਣਾਇਆ ਅਤੇ ਏਸੇ ਅੰਮ੍ਰਿਤ-ਨਾਮ ਦੀ ਮੁਖ-ਕਮਾਈ ਦੇ ਹੁਕਮ ਨੂੰ ਹੀ ਅਸਾਡਾ ਮੁਖ ਧਰਮ ਦ੍ਰਿੜ੍ਹਾਇਆ । ਏਸ ਅੰਮ੍ਰਿਤ-ਨਾਮ ਦੀ ਕਮਾਈ ਦਾ ਅੰਕੁਰ ਅਮਰ ਫਲ ਯਦਯਪਿ ਅਸਾਡੇ ਅੰਤਰਿ ਆਪ ਹੀ ਸਫੁਟ ਅਤੇ ਪਰਫੁਲਤ ਹੋਣਾ ਹੈ । ਤਾਹੀਂ ਤੇ ਇਹ ਅੰਮ੍ਰਿਤ-ਨਾਮ ਜੀਅ-ਦਾਨ ਦੀ ਜੀਵਨ-ਕਣੀ ਹੈ । ਇਸੇ ਅੰਮ੍ਰਿਤ-ਨਾਮ ਦੀ ਜੀਵਨ-ਬੂਟੀ ਦੁਆਰਾ ਹੀ ਅਸਾਡੇ ਅੰਤਰਿ, ਰਿਦੰਤਰਿ, ਘਟੰਤਰਿ ਆਤਮ-ਝਲਕ ਵਜਣੀ ਹੈ ਅਤੇ ਏਸ ਆਤਮ-ਝਲਕ ਦੁਆਰਾ ਹੀ ਜੋਤਿ ਸਰੂਪ ਪਰਮਾਤਮਾ ਦੇ ਦਰਸ਼ਨ ਘਟ ਨਿਰੰਤਰੀ ਮਾਣੇ ਜਾਣੇ ਹਨ । ਆਤਮਾ ਦਾ ਸਨਬੰਧ ਸਰੀਰ ਨਾਲ ਹੈ । ਤਾਂ ਤੇ ਇਸ ਸਰੀਰ ਨੂੰ ਸਾਧਣਾ ਸੋਧਣਾ ਅਤੇ ਸਦੀਵ-ਕਾਲ ਸਾਧੀ ਸੋਧੀ ਰਖਣਾ ਗੁਰਮਤਿ ਬਿਬੇਕ ਦਾ ਮੂਲ ਪਹਿਲੂ (ਅੰਗ) ਹੈ । ਸਰੀਰ ਅਤੇ ਆਤਮਾ ਦਾ ਪਰਸਪਰ ਐਸਾ ਸੰਬੰਧ ਹੈ ਕਿ ਸਰੀਰ-ਕਿਰਿਆ ਦਾ ਆਤਮਾ ਉਤੇ ਅਤੇ ਆਤਮ-ਕਿਰਿਆ ਦਾ ਸਰੀਰ ਉਤੇ ਅਵੱਸ਼ ਅਸਰ ਪੈਂਦਾ ਹੈ, ਅਤੇ ਅਸਰ ਭੀ ਬੜਾ ਡੂੰਘਾ ਅਤੇ ਨਿਗਰ ਅਸਰ ।

## ਨਾਮ ਦੀ ਕਮਾਈ ਰਾਹੀਂ ਸਰੀਰ ਸ਼ਿੰਗਾਰਨਾ ਸੰਵਾਰਨਾ ਚਾਹੀਦਾ ਹੈ—

ਨਾਮ ਦੀ ਸਾਰੀ ਕਮਾਈ ਸਰੀਰ ਨੂੰ ਕਮਾ ਕੇ ਹੁੰਦੀ ਹੈ । ਅਤੇ ਅਤੁਟ ਕਮਾਈ ਦੁਆਰਾ ਹੀ ਸਰੀਰ ਅੰਤਰੋਂ "ਸਚੇ ਕੀ ਜੋਤਿ" ਦਾ ਪ੍ਰਕਾਸ਼ ਹੋਣਾ ਹੈ । ਯਥਾ ਗੁਰਵਾਕ :—

ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ
ਕੀ ਵਿਚਿ ਜੋਤਿ॥ ਗੁਹਜ ਰਤਨ ਵਿਚਿ ਲੁਕਿ ਰਹੇ
ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥...੧੬॥

[ਗਉੜੀ ਕੀ ਵਾਰ ਮ: ੪, ਪੰਨਾ ੩੦੯

ਇਸ ਸਰੀਰ ਦੇਹੀ ਅੰਦਰੋਂ ਗੁਰ-ਸ਼ਬਦ ਦੁਆਰਾ ਵਸਤ ਅਪਾਰਾ (ਆਤਮ ਤੱਤ) ਦਾ ਦਿੱਬ ਦਰਸ ਪ੍ਰਾਪਤ ਹੋਣਾ ਹੈ । ਅਤੇ ਇਸ ਦੇਹੀ ਅੰਦਰ ਹੀ ਪਰਮ ਪ੍ਰਯੋਜਨੀ, ਪਰਮ ਅਨੰਦ ਰਹੱਸ ਦੀ ਖੋਜ ਹੋਣੀ ਹੈ । ਯਥਾ ਗੁਰਵਾਕ :

ਦੇਹੀ ਅੰਦਰਿ ਵਸਤੁ ਅਪਾਰਾ ॥
ਆਪੇ ਕਪਟ ਖੁਲਾਵਣਹਾਰਾ ॥
ਗੁਰਮੁਖਿ ਸਹਜੇ ਅੰਮ੍ਰਿਤੁ ਪੀਵੈ
ਤ੍ਰਿਸਨਾ ਅਗਨਿ ਬੁਝਾਹਾ ਹੇ ॥੫॥
ਸਭਿ ਰਸ ਦੇਹੀ ਅੰਦਰਿ ਪਾਏ ॥
ਵਿਰਲੇ ਕਉ ਗੁਰ ਸਬਦੁ ਬੁਝਾਏ ॥
ਅੰਦਰੁ ਖੋਜੇ ਸਬਦੁ ਸਾਲਾਹੇ
ਬਾਹਰਿ ਕਾਹੇ ਜਾਹਾ ਹੇ ॥੬॥

[ਮਾਰੂ ਮ: ੩, ੧੦੫੬

ਇਸ ਦੇਹੀ ਅੰਦਰ ਹੀ ਸ਼ਬਦ (ਗੁਰਮੰਤ੍ਰ) ਦੀ ਜਾਗ ਲਾ ਕੇ ਸਹਿਜ ਤੱਤ ਦੇ ਕੱਢਣ ਲਈ ਹਰਿ ਕਾ ਬਿਲੋਵਣਾ ਬਿਲੋਣਾ ਹੈ । ਇਸ ਦੇਹੀ ਸਰੀਰ ਅੰਦਰ ਹੀ ਨਾਮ ਦਾ ਖੰਡਾ ਖੜਕਾ ਕੇ ਪਰਮ ਜੋਤਿ ਤੱਤ ਨਿਰੰਜਨੀ ਨੂੰ ਪਰਜ੍ਵਲਤ ਕਰਨਾ ਹੈ । ਅਤੇ ਇਸ ਜੋਤਿ ਸਰੂਪ ਹਰਿ



www.AKJ.Org

ਪਰਮਾਤਮਾ ਦੇ ਇਸ ਬਿਧ ਸਰੀਰ ਅੰਦਰ ਪ੍ਰਕਾਸ਼ਤ ਹੋਣ ਕਰਿ ਹੀ, ਏਸ ਸਰੀਰ ਨੂੰ ਹਰੀ ਮੰਦਰ ਦੀ ਸੁੰਦਰ ਸ਼ੋਭਨੀਕ ਪਦਵੀ ਨਾਲ ਸਸ਼ੋਭਤ ਕੀਤਾ ਜਾਂਦਾ ਹੈ। ਯਥਾ ਗੁਰਵਾਕ :—

ਹਰਿ ਕਾ ਮੰਦਰੁ ਆਖੀਐ ਕਾਇਆ ਕੋਟੁ ਗੜੁ ॥ ਅੰਦਰਿ ਲਾਲ ਜਵੇਹਰੀ ਗੁਰਮੁਖਿ ਹਰਿ ਨਾਮੁ ਪੜੁ ॥ ਹਰਿ ਕਾ ਮੰਦਰੁ ਸਰੀਰੁ ਅਤਿ ਸੋਹਣਾ ਹਰਿ ਹਰਿ ਨਾਮੁ ਦਿੜੁ ॥...੧੧॥

[ਮ: ੩, ਰਾਮਕਲੀ ਵਾਰ, ੯੫੨

ਏਸ ਸਰੀਰ ਰੂਪ ਮੰਦਰ ਪ੍ਰਥਾਇ ਹੀ ਬਚਨ ਹੈ, ਗੁਰਵਾਕ :

ਹਰਿ ਕਾ ਮੰਦਰੁ ਸੋਹਣਾ ਕੀਆ ਕਰਣੈਹਾਰਿ ॥ ਰਵਿ ਸਸਿ ਦੀਪ ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ ॥ ਹਾਟ ਪਟਣ ਗੜ ਕੋਠੜੀ ਸਚੁ ਸਉਦਾ ਵਾਪਾਰ ॥੨॥ ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ ॥ ਗੁਪਤੁ ਪ੍ਰਗਟੁ ਸਭੁ ਜਾਣੀਐ ਜੇ ਮਨੁ ਰਾਖੈ ਠਾਇ ॥...੩॥

[ਸਿਰੀ ਰਾਗ ਮ: ੧, ਪੰਨਾ ੫੭

ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ ॥ ਮਾਨਸ ਦੇਹ ਗੁਰ ਬਚਨੀ ਪਾਇਆ ਸਭੁ ਆਤਮ ਰਾਮੁ ਪਛਾਤਾ ॥ ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ ॥...੧੨॥

[ਮ: ੩, ਰਾਮਕਲੀ ਕੀ ਵਾਰ, ੯੫੩

ਏਸ ਸਰੀਰ ਅੰਦਰ ਹੀ ਨਾਮ ਦੀ ਕਮਾਈ (ਸ਼ਬਦ-ਗੁਰੂ) ਦੀ ਬਰਕਤ ਦੁਆਰਾ, ਗੁਪਤ ਦਸਮ ਦੁਆਰ ਦੇ ਬਜਟ ਕਪਾਟ ਖੁਲ੍ਹ ਕੇ ਅਨਹਦ ਧੁੰਨ ਵਾਜੇ ਵਜਦੇ ਸੁਣਾਈ ਦੇਂਦੇ ਹਨ। ਯਥਾ ਗੁਰਵਾਕ :—

ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥ ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥ ਅਨਹਦ ਵਾਜੇ ਧੁਨਿ ਵਜਦੇ ਗੁਰ †ਸਬਦਿ ਸੁਣੀਜੈ ॥ ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥...੧੫॥

[ਰਾਮਕਲੀ ਕੀ ਵਾਰ ਮ: ੩, ਪੰਨਾ ੯੫੪

ਕਾਸਟ ਮਹਿ ਜਿਉ ਹੈ ਬੈਸੰਤਰੁ ਮਥਿ ਸੰਜਮਿ ਕਾਢਿ ਕਢੀਜੈ ॥ ਰਾਮ ਨਾਮੁ ਹੈ ਜੋਤਿ ਸਬਾਈ ਤਤੁ ਗੁਰਮਤਿ ਕਾਢਿ ਲਈਜੈ ॥੧॥ ਨਉ ਦਰਵਾਜ਼ ਨਵੇ ਦਰ ਫਾਕੇ ਰਸੁ ਅੰਮ੍ਰਿਤੁ ਦਸਵੈ ਚੁਈਜੈ ॥ ਕ੍ਰਿਪਾ ਕ੍ਰਿਪਾ ਕਿਰਪਾ ਕਰਿ ਪਿਆਰੇ, ਗੁਰ ਸਬਦੀ ਹਰਿ ਰਸੁ ਪੀਜੈ ॥੨॥ ਕਾਇਆ ਨਗਰੁ ਨਗਰੁ ਹੈ ਨੀਕੋ ਵਿਚਿ ਸਉਦਾ ਹਰਿ ਰਸੁ ਕੀਜੈ ॥ ਰਤਨ ਲਾਲ ਅਮੋਲ ਅਮੋਲਕ ਸਤਿਗੁਰ ਸੇਵਾ ਲੀਜੈ ॥੩॥ (੮ ॥ ੧)

[ਕਲਿਆਨ ਮ: ੪, ਅਸ਼ਟ, ੧੩੨੩

ਤਾਂ ਤੇ ਐਸੇ ਸਰੀਰ ਦੀ ਸੋਧਨਾ ਸਾਧਨਾ ਪ੍ਰਥਾਇ ਜਿਤਨੇ ਭੀ ਗੁਰੂ ਕੇ ਬਚਨ ਰੂਪੀ ਹੁਕਮ ਫੁਰਮਾਨ ਹਨ ਤਿਨ੍ਹਾਂ ਸਭਨਾਂ ਹੁਕਮਾਂ ਨੂੰ ਸੁਹਾਗ ਭਾਗ ਦੇ ਸ਼ਿੰਗਾਰ ਜਾਣ ਕੇ ਕਮ ਉਣਾ ਉਤਮ ਬਿਬੇਕੀ ਜਨ ਲਈ ਪਰਮ ਜ਼ਰੂਰੀ ਹੈ ਅਤੇ ਇਸ ਸੋਧਨ ਸਾਧਨ ਸੰਪੰਨ

---

†ਸਾਨੂੰ ਬੜੇ ਸ਼ੋਕ ਨਾਲ ਕਹਿਣਾ ਪੈਂਦਾ ਹੈ ਕਿ ਜੋ ਅਨਹਦ ਸ਼ਬਦ, ਕੇਵਲ ਗੁਰ-ਸ਼ਬਦ (ਗੁਰਮਤਿ ਨਾਮ) ਦੁਆਰਾ ਗੁਰੂ-ਘਰ ਵਿਚ ਹੀ ਰਹਿ ਕੇ ਸੁਣੇ ਜਾ ਸਕਦੇ ਹਨ, ਉਨ੍ਹਾਂ ਦੀ ਖ਼ਾਤਰ ਸਾਡੇ ਭਰਮ-ਭੁਲੇ ਭਰਾ, ਰਾਧਾ ਸੁਆਮੀ ਆਦਿਕ ਆਨ-ਮਤ ਭੇਖਾਂ ਵਿਚ ਹੀ ਭਟਕਦੇ ਫਿਰਦੇ ਹਨ, ਜਿਥੋਂ ਕੱਖ ਭੀ ਪ੍ਰਾਪਤ ਨਹੀਂ ਹੋ ਸਕਦਾ। ਭਰਮ-ਭੁਲੇ ਭੇਖਵਾਨੀਆਂ ਅਤੇ ਕੂੜ-ਕੁਸੱਤ ਕੁੱਠੇ ਨਿਗੁਰੇ ਅਭਿਮਾਨੀਆਂ ਅਤੇ ਗੁਰ-ਸ਼ਬਦ (ਗੁਰਮੰਤ੍ਰ-ਗੁਰਮਤਿ ਨਾਮ) ਤੋਂ ਘੁਥੇ ਮਨਮੁਖ ਅੰਧ-ਅਗਿਆਨੀਆਂ ਨੂੰ ਕਿਤੇ ਉਪਾਇ ਭੀ ਅਨਹਦ ਸ਼ਬਦ ਦੀ ਲਭਤਾ ਨਹੀਂ ਹੋ ਸਕਦੀ, ਜਦ ਤਾਈਂ ਗੁਰੂ ਨਾਨਕ ਦੇਵ ਜੀ ਦੇ ਘਰ ਵਿਚ ਆ ਕੇ ਗੁਰਮਤਿ ਬਿਬੇਕ ਦੀ ਧਾਰਨਾ ਨਾ ਧਾਰਨ। ਯਥਾ ਗੁਰਵਾਕ—

ਬਜਰ ਕਪਾਟ ਕਾਇਆ ਗੜ੍ਹ ਭੀਤਰਿ ਕੂੜੁ ਕੁਸਤੁ ਅਭਿਮਾਨੀ ॥ ਭਰਮਿ ਭੂਲੇ ਨਦਰਿ ਨ ਆਵਨੀ ਮਨਮੁਖ ਅੰਧ ਅਗਿਆਨੀ ॥ ਉਪਾਇ ਕਿਤੈ ਨ ਲਭਨੀ ਕਰਿ ਭੇਖ ਥਕੇ ਭੇਖਵਾਨੀ ॥ ਗੁਰ-ਸਬਦੀ ਖੋਲਾਈਅਨਿ ਹਰਿ ਨਾਮੁ ਜਪਾਨੀ ॥ ਹਰਿ ਜੀਉ ਅੰਮ੍ਰਿਤ ਬਿਰਖੁ ਹੈ ਜਿਨ ਪੀਆ ਤੇ ਤ੍ਰਿਪਤਾਨੀ ॥੧੪॥ [ਗੂਜਰੀ ਕੀ ਵਾਰ ਮ: ੩, ਪੰਨਾ ੫੧੪

ਅਧਿਕ ਨਿਰਣਾ ਇਸ ਪ੍ਰਥਾਇ ਅਨਹਦ ਸ਼ਬਦ ਦਸਮ ਦੁਆਰੇ ਨਾਮੇ ਪੁਸਤਕ ਵਿਚ ਵੇਖੋ।



www.AKJ.Org

ਕਮਾਈ ਰੂਪੀ ਸ਼ਿੰਗਾਰ ਸਾਧਨਾ ਨਾਲ, ਸਰੀਰ ਨੂੰ ਸ਼ਿੰਗਾਰਨਾ ਉਤਮ ਗੁਰਮਤਿ ਬਿਬੇਕ ਹੈ ਅਤੇ ਇਸੇ ਬਿਬੇਕ ਨੂੰ ਕਰਨ ਕਮਾਵਨ ਹਿਤ ਹੀ ਗੁਰਵਾਕ ਰੂਪੀ ਹੁਕਮ ਹੈ। ਯਥਾ :

ਕਰਹੁ ਬਿਬੇਕੁ ਸੰਤ ਜਨ ਭਾਈ ਖੋਜਿ ਹਿਰਦੈ ਦੇਖਿ ਢੰਢੋਲੀ ॥ ਹਰਿ ਹਰਿ ਰੂਪੁ ਸਭ ਜੋਤਿ ਸਬਾਈ ਹਰਿ ਨਿਕਟਿ ਵਸੈ ਹਰਿ ਕੋਲੀ ॥ ॥੨॥ (੪॥੧॥੧੫)

[ਗਉੜੀ ਪੂਰਬੀ ਮ: ੪, ਪੰਨਾ ੧੬੮

ਭਾਵ ਹਿਰਦੇ ਅੰਦਰ ਹੀ ਖੋਜ ਢੰਢੋਲ ਕੇ ਜੋਤਿ ਨਿਰੰਜਨੀ ਦੇ ਦਰਸ਼ਨ ਅਤੇ ਸਦੀਵੀ ਦਰਸ਼ਨ-ਮਈ ਸੁਹਾਗ-ਭਾਗ ਦੀ ਪ੍ਰਾਪਤੀ ਨਮਿਤ ਸਰੀਰਕ ਸਾਧਨਾਂ ਦੀ ਸ਼ਿੰਗਾਰ ਰੂਪ ਕਮਾਈ ਕਰਨਾ ਅਵੱਸ਼ ਲੋੜੀਂਦਾ ਹੈ, ਜਿਸ ਪ੍ਰਕਾਰ ਕਿ ਧਰਤੀ ਅੰਦਰ ਬੀਜ ਬੀਜਣ ਤੋਂ ਪਹਿਲਾਂ ਧਰਤੀ ਨੂੰ ਵਾਹੁਣਾ ਸਿੰਜਣਾ ਸੁਹਾਗਾ ਦੇਵਣ ਆਦਿਕ ਅਨੇਕ ਪਰਕਾਰ ਦੀਆਂ ਕਮਾਈਆਂ ਕਰਨ ਦੀ ਲੋੜ ਹੈ ਅਤੇ ਫੇਰ ਬੀਜ ਬੀਜ ਕੇ ਭੀ ਧਰਤੀ ਨੂੰ ਗੋਡਣ ਅਤੇ ਸਿੰਜਣ ਸੰਵਾਰਨ ਦੀ ਅਵੱਸ਼ ਜ਼ਰੂਰਤ ਬਣੀ ਰਹਿੰਦੀ ਹੈ ਤਦ ਜਾ ਕੇ ਇਹ ਧਰਤੀ ਅੰਦਰ ਬੀਜਿਆ ਬੀਜ ਫਲੀਭੂਤ ਹੁੰਦਾ ਹੈ। ਏਸੇ ਪ੍ਰਕਾਰ ਹੀ ਸਰੀਰ ਰੂਪੀ ਧਰਤੀ ਅੰਦਰ "ਅੰਮ੍ਰਿਤ" ਰੂਪੀ ਬੀਜ ਬੀਜੇ ਜਾਣ ਤੋਂ ਪਹਿਲਾਂ ਜੇਕਰ ਭਲੀ-ਪ੍ਰਕਾਰ ਗੁਰ-ਦਰਸਾਏ ਗੁਰ-ਫੁਰਮਾਏ ਸਾਧਨਾਂ ਅਨੁਸਾਰ ਸਰੀਰ ਰੂਪੀ ਧਰਤੀ ਨੂੰ ਸਾਧਿਆ ਸੋਧਿਆ ਜਾਵੇ ਤਦੇ ਹੀ ਤਿਸ ਦੇ ਅੰਦਰ ਸਤਿਨਾਮ ਰੂਪੀ ਬੀਜ ਦਾ ਦਾਨ ਗੁਰੂ ਵਲੋਂ ਮਿਲਦਾ ਹੈ ਅਤੇ ਫਿਰ ਇਸ ਬੀਜ ਦਾਨ ਨੂੰ ਸੰਭਾਲ ਸੰਵਾਰ ਕੇ ਰਖਿਆ ਜਾਵੇ ਅਤੇ ਸਰੀਰ ਰੂਪੀ ਧਰਤੀ ਨੂੰ ਇਹ ਬੀਜ ਦਾਨ (ਜੀਅ ਦਾਨ ਦਾ ਦਾਣਾ) ਮਿਲਣ ਪਸਚਾਤ ਭੀ ਹੁਕਮਾਂ ਅਨੁਕੂਲ ਲੋੜਵੰਦੀ ਕਮਾਈ ਦੁਆਰਾ ਲਗਾਤਾਰ ਕਮਾਇਆ ਜਾਵੇ ਤਦ ਜਾ ਕੇ ਉਕਤ ਬੀਜ ਮਾਤਰ ਨਾਮ ਨੂੰ 'ਨਉਨਿਧ ਨਾਮ' ਦਾ ਅਮਰ ਫਲ ਲਗਦਾ ਹੈ। ਏਸੇ ਸਰੀਰ ਰੂਪੀ ਧਰਤੀ ਅੰਦਰ ਹੀ ਉਕਤ ਨਾਮ-ਬੀਜ ਦਾ ਅੰਕੂਰ ਉਗਵਦਾ ਹੈ ਤੇ ਏਸੇ ਸਰੀਰ ਅੰਦਰ ਹੀ ਇਸ ਅੰਕੂਰ ਤੋਂ 'ਅੰਮ੍ਰਿਤ ਨਾਮ' ਰੂਪੀ 'ਅਮਰ ਫਲ' ਉਤਪੰਨ ਹੁੰਦਾ ਹੈ, ਜੈਸੇ ਕਿ ਇਸ ਗੁਰਵਾਕ ਦਾ ਭਾਵ ਹੈ; ਯਥਾ :—

ਪਹਿਲਾ ਧਰਤੀ ਸਾਧਿ ਕੈ ਸਚੁ ਨਾਮੁ ਦੇ ਦਾਣੁ ॥ ਨਉਨਿਧਿ ਉਪਜੈ ਨਾਮੁ ਏਕੁ ਕਰਮਿ ਪਵੈ ਨੀਸਾਣੁ ॥੨॥ (੫ ॥ ੧੩)

[ਸਿਰੀ ਰਾਗੁ ਮ: ੧, ਪੰਨਾ ੧੯

ਸਰੀਰ ਇਕ ਭਾਂਡੇ ਸਮਾਨ ਹੈ, ਜਿਸ ਵਿਚ 'ਅੰਮ੍ਰਿਤ ਨਾਮ' ਰੂਪੀ ਦੁੱਧ ਨੂੰ ਅਸੀਂ ਦੋਹਣਾ (ਚੋਣਾ) ਹੈ। ਫੇਰ ਏਸੇ ਸਰੀਰ ਰੂਪੀ ਭਾਂਡੇ ਵਿਚ ਜਾਗ ਲਾ ਕੇ ਇਸ 'ਅੰਮ੍ਰਿਤ ਨਾਮ' ਦੁੱਧ ਨੂੰ ਜਮਾਉਣਾ ਹੈ। ਏਸੇ ਭਾਂਡੇ ਵਿਚ ਜਮਾ ਕੇ ਫੇਰ 'ਅੰਮ੍ਰਿਤ ਨਾਮ' ਰੂਪੀ ਦੁੱਧ ਨੂੰ-

ਤਨੁ ਕਰਿ ਮਟੁਕੀ ਮਨ ਮਾਹਿ ਬਿਲੋਈ ॥ ਇਸੁ ਮਟੁਕੀ ਮਹਿ ਸਬਦੁ ਸੰਜੋਈ ॥੨॥ (੪॥੧॥੧੦) [ਆਸਾ ਕਬੀਰ ਜੀਉ, ੪੭੮

ਰੂਪੀ ਗੁਰਵਾਕ ਦੇ ਭਾਵ ਅਨੁਸਾਰ ਬਿਲੋਵਣਾ ਹੈ ਅਤੇ ਬਿਲੋ ਕੇ ਅੰਮ੍ਰਿਤ-ਤਤ ਕਢਣਾ ਹੈ, ਪ੍ਰੰਤੂ ਇਹ ਅੰਮ੍ਰਿਤ-ਤਤ ਤਦੇ ਹੀ ਨਿਕਲੇਗਾ ਜੇ ਦੁੱਧ ਦੋਹਣ ਸਮੇਂ ਤੇ ਜਾਗ ਲਾ ਕੇ ਜਮਾਵਣ ਸਮੇਂ, ਤੇ ਜਮਾ ਕੇ ਬਿਲੋਵਣ (ਰਿੜਕਣ) ਸਮੇਂ, ਹਰ ਹਾਲਤ ਵਿਚ ਸਰੀਰ ਰੂਪੀ ਭਾਂਡੇ ਨੂੰ ਹਰ ਪ੍ਰਕਾਰ ਸੋਧ ਸੰਵਾਰ ਕੇ ਵਰਤਿਆ ਜਾਵੇਗਾ, ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ :

ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥ ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ ॥੧॥ ਜਪਹੁ ਤ ਏਕੋ ਨਾਮਾ ॥ ਅਵਰਿ ਨਿਰਾਫਲ ਕਾਮਾ ॥੧॥ ਰਹਾਉ ॥ ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ ॥ ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ ॥੨॥

[ਸੂਹੀ ਮ: ੧, ਪੰਨਾ ੭੨੮



www.AKJ.Org

ਜਿਨ੍ਹਾਂ ਦੇ ਭਾਂਡੇ ਅੰਦਰ ਭਾਉ ਹੈ, ਓਹੀ ਇਸ ਅੰਮ੍ਰਿਤ-ਵਥ (ਵਸਤੂ) ਨੂੰ ਵਿਹਾਝਦੇ ਹਨ ਅਤੇ ਵਿਹਾਝਣ ਵਰਤਣ ਅੰਦਰ ਭਾਵੇਂ ਕਿਤਨੇ ਹੀ ਕਠਨ ਤੋਂ ਕਠਨ ਕਰਮ ਕਮਾਉਣੇ ਪੈਣ ਅਤੇ ਬਿਖਮ ਤੋਂ ਬਿਖਮ ਰਹਿਣੀ ਬਹਿਣੀ ਗੁਰਮਤਿ ਨਿਯਮ ਨਿਬਾਹੁਣੇ (ਧਾਰਨ ਕਰਨੇ) ਬਣਨ, ਉਤਮ ਬਿਬੇਕੀ ਜਨ ਰੰਚਕ ਭੀ ਫ਼ਰਕ ਨਹੀਂ ਕਰਨਗੇ (ਕਸਰ ਨਹੀਂ ਛਡਣਗੇ)। ਉਹਨਾਂ ਕਰਮਾਂ ਨੂੰ ਕਮਾਣਉਗੇ, ਪਰ ਜ਼ਰੂਰ ਕਮਾਉਣਗੇ। ਉਹਨਾਂ ਬਿਖਮ ਰਹਿਣੀਆਂ ਬਹਿਣੀਆਂ ਨੂੰ ਧਾਰਨਗੇ, ਬਰ ਜ਼ਰੂਰ ਧਾਰਨਗੇ। ਕਿਉਂਕਿ ਉਕਤ ਧਾਰਨਾ ਕਮਾਈ ਪੂਰਨ ਗੁਰਮਤਿ ਆਗਿਆ ਅਨਕੂਲ ਹੈ ਅਤੇ ਗੁਰ-ਬਚਨਾਂ ਰੂਪੀ ਹੁਕਮਾਂ ਦੇ ਅੰਦਰ ਹੈ।

## ਗੁਰਮਤਿ ਵਿਚ ਅਹਾਰ ਦਾ ਸੰਜਮ—

ਜਿਨ੍ਹਾਂ ਭਾਂਡੇ ਭਾਉ ਵਾਲੇ ਹੁਕਮੀ ਬੰਦਿਆਂ ਨੇ ਇਹ ਕਮਾਈਆਂ ਕਰ ਲਈਆਂ ਹਨ ਅਤੇ ਰਹਿਤ ਰਹਿਣੀਆਂ ਬਹਿਣੀਆਂ ਧਾਰ ਲਈਆਂ ਹਨ, ਉਹਨਾਂ ਨੂੰ ਸਰਬ ਸੁਖ ਕਲਿਆਣ ਹੋ ਗਏ ਅਤੇ ਉਨ੍ਹਾਂ ਦੀਆਂ ਸਰਬ ਦੂਖ-ਬਲਾਈਆਂ ਅਤੇ ਬਿਖਮਤਾਈਆਂ ਦੂਰ ਹੋ ਗਈਆਂ। ਏਸੇ ਪ੍ਰਥਾਇ ਇਹ ਗੁਰਵਾਕ ਉਚਾਰਨ ਹੋਇਆ ਹੈ :

ਜਿਨ ਕਉ ਭਾਂਡੈ ਭਾਉ ਤਿਨਾ ਸਵਾਰਸੀ ॥
ਸੂਖੀ ਕਰੈ ਪਸਾਉ ਦੂਖ ਵਿਸਾਰਸੀ ॥
[ਸੂਹੀ ਮ: ੧, ਪੰਨਾ ੭੨੯

ਇਹਨਾਂ ਸਰੀਰਕ ਸਾਧਨਾਂ ਦੀਆਂ ਕਠਨ ਕਮਾਈਆਂ ਵਿਚੋਂ ਇਕ ਪਰਸਿਧ ਅਤੇ ਉਜਲ ਗੁਰਮਤਿ ਬਿਬੇਕ ਕਮਾਈ "ਅਹਾਰ ਦਾ ਸੰਜਮ" ਹੈ। ਸਰੀਰ ਨੂੰ ਸਹਾਰਾ ਦੇਣ ਲਈ, ਸਰੀਰ ਪਾਲਣ ਪੋਸਣ ਲਈ, ਸਰੀਰ ਸਬੰਧੀ ਖੁਧਿਆ ਨਵਿਰਤੀ ਲਈ, ਜਦ ਤੀਕ ਕਿ ਇਹ ਖੁਧਿਆ ਪਰਤੀਤ ਹੁੰਦੀ ਹੈ, **ਗੁਰਮਤਿ ਸੰਜਮੀ ਅਹਾਰ** ਦੇ ਕਰਨ ਦੀ ਲੋੜ ਹੈ। ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ :

ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ ॥ ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ ॥੨॥ (੧੪)
[ਬਿਹਾਗੜਾ ਕੀ ਵਾਰ ਮ: ੪, ਪੰ: ੫੫੪

ਪਰ ਏਸ ਗੁਰਵਾਕ ਦੇ ਭਾਵ ਤੋਂ ਇਹ ਭੀ ਸਪਸ਼ਟ ਹੁੰਦਾ ਹੈ ਕਿ ਦੇਹੀ ਨੂੰ ਪਾਲ ਕੇ "ਸੋ ਪ੍ਰਭੁ ਸਿਮਰੀਐ" ਦਾ ਹੁਕਮ ਕਮਾਵਣਾ ਹੈ। ਦੇਹੀ ਨੂੰ ਪਾਲਣ ਦਾ ਮੁਖ ਨਮਿਤ ਕਾਰਨ "ਪ੍ਰਭੂ-ਸਿਮਰਨ" ਹੈ। ਘਟ ਅੰਦਰ ਤਾਂ ਚਰਣਾਰਬਿੰਦ (ਪ੍ਰੀਤਮ ਪ੍ਰਭੂ) ਦੇ ਚਰਨ ਕਮਲ) ਵਸਦੇ ਹੋਣ ਅਤੇ ਰਸਨਾ ਪ੍ਰੀਤਮ ਪਿਆਰੇ ਪਰਮਾਤਮਾ (ਅਕਾਲ ਪੁਰਖ) ਦਾ ਨਾਮ ਜਪਦੀ ਹੋਵੇ। ਇਸ ਬਿਧਿ ਪ੍ਰਭੂ ਸਿਮਰਨ ਕਰਦਿਆਂ ਹੋਇਆਂ ਦੇਹੀ ਪਾਲਣਾ ਸਫਲ ਹੈ। ਨਹੀਂ ਤਾਂ "ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ" (੭੯੦) ਵਾਲੀ ਗੱਲ ਹੈ। ਦੇਹੀ ਨੂੰ ਪਾਲਣ ਤੋਂ ਭਾਵ ਨਿਰਬਾਹ-ਪੂਰਬਕ ਅੰਨ ਜਲ ਦਾ ਅਹਾਰ ਕਰਨਾ ਹੈ, ਜਿਸ ਕਰਕੇ ਦੇਹੀ ਦੀ ਸ਼ਕਲ ਕਿਰਿਆ ਬਣੀ ਰਹੇ, ਜਿਸਦੇ ਬਣੀ ਰਹਿਣ ਕਰਕੇ ਭਗਤਿ-ਕਮਾਈ ਹੁੰਦੀ ਰਹੇ। ਇਸ ਭਗਤਿ-ਕਮਾਈ ਨਮਿਤ ਸਰੀਰ (ਦੇਹੀ) ਨੂੰ ਪਾਲਣ ਪੋਸਣ ਦੀ ਨਿਰਬਾਹ-ਪੂਰਬਕ ਸੁਕਾਲ ਕਿਰਿਆ ਤੋਰੀ ਰਖਣ ਲਈ ਅਜਿਹਾ ਅਹਾਰ ਕਰਨਾ ਜ਼ਰੂਰੀ ਹੈ ਜੋ ਸ਼ਾਂਤ ਗੁਣੀ ਪ੍ਰਭਾਵ (ਅਸਰ) ਸਰੀਰ-ਆਤਮਾ ਅੰਦਰ ਪੈਦਾ ਕਰੇ। ਜਿਸ ਅਹਾਰ ਦੇ ਕਰਨ ਕਰਿ ਮਨ ਮਹਿ ਵਿਕਾਰ ਚਲਦੇ ਹੋਣ ਅਤੇ ਤਨ ਪੀੜੀਦਾ ਹੋਵੇ, ਉਸ ਅਹਾਰ (ਖਾਣੇ) ਦਾ ਖਾਣਾ ਖੁਸ਼ੀ ਖੁਆਰ ਹੈ। ਯਥਾ ਗੁਰਵਾਕ :

ਬਾਬਾ ਹੋਰੁ ਖਾਣਾ ਖੁਸੀ ਖੁਆਰੁ ਜਿਤੁ ਖਾਧੈ
ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥
[ਸਿਰੀ ਰਾਗੁ ਮ: ੧, ਪੰ: ੧੬

ਜਿਸ ਖਾਣੇ ਦੇ ਖਾਣ ਕਰਕੇ ਤਨ ਨਾ ਪੀੜੀਂਦਾ ਹੋਵੇ, ਜਿਸ ਅਹਾਰ ਦੇ ਭੁੰਚਣ ਕਰਿ ਮਨ ਮਹਿ ਵਿਕਾਰ ਨਾ ਚਲਣ, ਓਹ ਖਾਣਾ (ਅਹਾਰ) ਸਤੋਗੁਣੀ ਅਹਾਰ ਹੈ। ਸਤ ਪੁਰਸ਼ਾਂ ਦੀ ਸੁਕ੍ਰਿਤ ਕਮਾਈ ਦਾ ਖਾਣਾ ਸਤੋਗੁਣੀ ਖਾਣਾ ਹੈ। "ਹਰਿ ਚੇਤਿ ਖਾਹਿ ਤਿਨਾ ਸਫਲੁ ਹੈ" (੮੫) ਦੀ ਸਫਲ ਕਮਾਈ



www.AKJ.Org

ਵਾਲਿਆਂ ਦੀ ਸਤੋਗੁਣੀ ਘਾਲਣਾ ਦੁਆਰਾ ਸਾਜਿਆ (ਤਿਆਰ ਹੋਇਆ) ਭੋਜਨ (ਖਾਣਾ) ਅਸਲ ਸਤੋਗੁਣੀ ਖਾਣਾ ਹੈ—"ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰੁ" (ਪੰਨਾ ੫੧) ਦੇ ਭਾਵ ਵਾਲੀ ਸ੍ਰਾਰ-ਕਰਣੀ ਵਾਲਿਆਂ ਦਾ ਕਮਾਇਆ ਤੇ ਸਜਾਇਆ ਹੋਇਆ ਪ੍ਰਸ਼ਾਦ (ਭੋਜਨ) ਸਤੋਗੁਣੀ ਪ੍ਰਸ਼ਾਦ (ਖਾਣਾ) ਹੈ। "ਸੁਕ੍ਰਿਤੁ ਕਰਣੀ ਸਾਰੁ ਜਪਮਾਲੀ" (੧੧੩੪) ਦੀ ਅਜਪਾ ਜਾਪ-ਕਲਾ ਵਾਲੀ ਸੁਕ੍ਰਿਤ ਕਰਣੀ ਵਾਲਿਆਂ ਦੀ ਸਤੋਗੁਣੀ ਕਲਾ ਵਾਲਾ ਭੋਜਨ (ਖਾਣਾ) ਸਤੋਗੁਣੀ ਖਾਣਾ ਹੈ। "ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ" (ਪੰ: ੬੫੪) ਵਾਲੀ ਭਗਤਿ-ਕਮਾਈ ਵਾਲੇ ਖਾਲਸਾ ਜੀ ਦੇ ਹਥੋਂ ਸਜਿਆ ਬਿਬੇਕ-ਬਿੰਜਨੀ ਗੱਫਾ ਅਸਲ ਸਤੋਗੁਣੀ ਅੰਮ੍ਰਿਤ ਭੋਜਨ ਪ੍ਰਸ਼ਾਦ ਹੈ, ਜਿਸ ਦੇ ਛਕਿਆਂ ਅੰਮ੍ਰਿਤ ਦੇ ਗਟਾਕ ਭੁੰਚੀਦੇ ਹਨ।

["ਗੁਰਮਤਿ ਬਿਬੇਕ" ਪੁਸਤਕ ਵਿਚੋਂ

---

# ਅੰਮ੍ਰਿਤ ਇਕ ਹੈ

[ਵਲੋਂ :—ਪ੍ਰਿੰਸੀਪਲ ਮੇਵਾ ਸਿੰਘ ਜੀ, ਤਲਵਾੜਾ]

ਸਿੰਘੋ, ਯਾਦ ਕਰੋ ਉਸ ਵੇਲੜੇ ਨੂੰ, ਆਨੰਦ ਪੁਰੀ 'ਚ ਲੱਗਾ ਦੀਵਾਨ ਸੀ ਜਦ।
ਦੂਰੋਂ ਨੇੜਿਓਂ ਸਿੱਖ ਸਭ ਆਣ ਪਹੁੰਚੇ, ਮਿਲਿਆ ਗੁਰੂ ਦਾ ਸਿੰਘੋ ਫੁਰਮਾਣ ਸੀ ਜਦ।
ਹੁਕਮ ਮੰਨ ਕੇ ਗੁਰੂ ਦਸਮੇਸ਼ ਜੀ ਦਾ, ਪੰਜ ਨਿਤਰੇ ਸਿੰਘ ਸੁਜਾਨ ਸੀ ਜਦ।
ਸੱਭੇ ਛਡ ਸਿਆਣਪਾਂ ਤੁਰਤ ਭਾਈ, ਕੀਤਾ ਆਪਣਾ ਆਪ ਕੁਰਬਾਨ ਸੀ ਜਦ।

ਪੰਜੇ ਸੂਰੇ ਸੀ ਗਲੇ ਦੇ ਨਾਲ ਲਾਏ, ਕੋਈ ਪੁੱਛੀ ਨਹੀਂ ਜਾਤ ਤੇ ਪਾਤ ਭਾਈ।
ਝੀਉਰ, ਛੀਂਬਾ ਤੇ ਜੱਟ ਦੀ ਗੱਲ ਮੁਕੀ, ਇਕੋ ਪਿਤਾ ਹੋਇਆ ਇਕੋ ਮਾਤ ਭਾਈ।
'ਸਭੇ ਸਾਂਝੀਵਾਲ' ਦਾ ਹੁਕਮ ਹੋਇਆ, ਇਕੋ ਪੰਥ ਤੇ ਇਕੋ ਹੀ ਬਾਤ ਭਾਈ।
ਇਕੋ ਬਾਟੇ 'ਚ ਅੰਮ੍ਰਿਤ ਤਿਆਰ ਕਰ ਕੇ, ਬਖਸ਼ੀ ਗੁਰੂ ਨੇ ਸਿੰਘਾਂ ਨੂੰ ਦਾਤ ਭਾਈ।

ਮਾਤਾ ਸਾਹਿਬ ਦੇਵਾਂ ਮਾਤਾ ਖ਼ਾਲਸੇ ਦੀ, ਇਹ ਗੱਲ ਨਹੀਂ ਕੋਈ ਝੁਠਲਾ ਸਕਦਾ।
ਮਾਈ ਭਾਗੋ ਜਿਹੀਆਂ ਮਾਤਾਵਾਂ ਦੀ, ਬੀਰਤਾ ਦਾ ਮੁਲ ਖ਼ਾਲਸਾ ਨਹੀਂ ਪਾ ਸਕਦਾ।
ਭਾਵੇਂ ਵੀਰ ਹੋਵੇ ਭਾਵੇਂ ਭੈਣ ਕੋਈ, ਜਾਤ ਪਾਤ ਦੀ ਵੰਡ ਨਹੀਂ ਪਾ ਸਕਦਾ।
ਅੰਮ੍ਰਿਤ ਇਕ ਹੈ, ਇਕ ਹੈ, ਇਕ ਭਾਈ, ਅੰਮ੍ਰਿਤ ਕਦੇ ਨਹੀਂ ਵੰਡਿਆ ਜਾ ਸਕਦਾ।

ਅੰਮ੍ਰਿਤ ਜੋ ਵੀ ਖੰਡੇ ਦਾ ਛਕ ਲੈਂਦੇ, ਬਾਂਹ ਉਹਨਾਂ ਦੀ ਗੁਰੂ ਦਸਮੇਸ਼ ਫੜਦੈ।
ਗੁਰੂ ਮੰਨਦੇ ਗੁਰੂ ਗਰੰਥ ਜੀ ਨੂੰ, ਦੁਖ ਉਹਨਾਂ ਦੇ ਗੁਰੂ ਦਸਮੇਸ਼ ਹਰਦੈ।
ਤਨ ਮਨ ਧਨ ਜੋ ਗੁਰੂ ਨੂੰ ਸੌਂਪ ਦੇਂਦੇ, ਹਾਮੀ ਉਹਨਾਂ ਦੀ ਗੁਰੂ ਦਸਮੇਸ਼ ਭਰਦੈ।
ਅੰਗ ਸੰਗ ਜੋ ਜਾਣਦੇ ਗੁਰੂ ਨਾਨਕ, ਕਾਰਜ ਉਹਨਾਂ ਦੇ ਗੁਰੂ ਦਸਮੇਸ਼ ਕਰਦੈ।

---

**ਚਿਟ ਨੰਬਰ**—ਚਿਠੀ ਪੱਤਰ ਤੇ ਮਨੀਆਰਡਰ ਉਪਰ ਆਪਣਾ ਚਿਟ ਨੰਬਰ ਤੇ ਪੂਰਾ ਪਤਾ ਸਾਫ਼ ਸਾਫ਼ ਜ਼ਰੂਰ ਲਿਖੋ ਜੀ। ਸਾਡੀ ਸਹੂਲਤ ਲਈ ਇਹ ਕਿਰਪਾ ਜ਼ਰੂਰ ਕਰੋ ਜੀ। ਅਸੀਂ ਹਰ ਮਹੀਨੇ ਤੁਹਾਨੂੰ ਪਰਚੇ ਉਪਰ ਐਡਰੈਸ ਦੇ ਨਾਲ ਚਿਟ ਨੰਬਰ ਲਿਖ ਕੇ ਭੇਜਦੇ ਹਾਂ।



www.AKJ.Org

# ਖ਼ਾਲਸੇ ਦੀ ਸਾਜਨਾ

[ਵਲੋਂ:—ਗਿਆਨੀ ਗੋਪਾਲ ਸਿੰਘ ਜੀ 'ਮਿੱਤਰ' ਮਾਲਬ (ਗੁੜਗਾਉਂ) ]

ਸ਼ੇਰ ਮਰਦ ਸਜਿਆ ਤਖ਼ਤ ਕੇਸਗੜ੍ਹ ਤੇ, ਫੜੀ ਹੱਥ ਦੇ ਵਿਚ ਸ਼ਮਸ਼ੀਰ ਹੈਸੀ।
ਲੋੜ ਪੈ ਗਈ ਕੋਈ ਅਜ ਆਓ ਅੱਗੇ ! ਸੀਸ ਮੰਗਦਾ ਜੱਗ ਦਾ ਪੀਰ ਹੈਸੀ।
ਹੋ ਕੇ ਪੰਜ ਦਰਗਾਹੋਂ ਪਰਵਾਣ ਨਿਤਰੇ, ਅਰਪਨ ਜਿਨ੍ਹਾਂ ਨੇ ਕੀਤੇ ਸਰੀਰ ਹੈਸੀ।
ਕਰ ਕੇ ਤੰਬੂ ਦੇ ਵਿਚ ਅਸਚਰਜ ਕੌਤਕ, ਮੁੱਠ ਮਿੱਟੀ ਤੋਂ ਕੀਤੇ ਅਕਸੀਰ ਹੈਸੀ।
ਭਾਗਾਂ ਭਰੀ ਵਿਸਾਖੀ ਦੇ ਦਿਨ ਆ ਕੇ, ਪਾਸਾ ਪਰਤਿਆ ਸੁੱਤੀ ਤਕਦੀਰ ਹੈਸੀ।
ਰੱਬ ਰੂਪ ਆਈ 'ਮਿੱਤਰ' ਖ਼ਾਲਸੇ ਦੀ, ਦੁਨੀਆ ਸਾਹਮਣੇ ਸੋਹਣੀ ਤਸਵੀਰ ਹੈਸੀ।

ਬਖ਼ਸ਼ੀ ਸਾਬਤ ਸਰੂਪ ਤਸਵੀਰ ਸਤਿਗੁਰ, 'ਆਨੰਦਪੁਰੀ' ਦੇ ਸੋਹਣੇ ਅਸਥਾਨ ਉੱਤੇ।
ਲੈ ਕੇ ਹੁਕਮ ਅਕਾਲ ਤੋਂ ਸਾਜਨਾ ਲਈ, ਪ੍ਰਗਟ ਹੋਏ ਸੀ ਏਸ ਜਹਾਨ ਉੱਤੇ।
ਨਾਟਕ ਖੇਡਿਆ ਜੀਵਨ ਰੰਗ-ਮੰਚ ਉੱਤੇ, ਝੱਲੇ ਦੁੱਖੜੇ ਆਪਣੀ ਜਾਨ ਉੱਤੇ।
ਪਿਤਾ ਵਾਰਿਆ, ਪੁਤਰ ਕੁਰਬਾਨ ਕੀਤੇ, ਰੱਖੀ ਨਜ਼ਰ ਇਸ ਕਾਰਜ ਮਹਾਨ ਉੱਤੇ।
ਸੁਰਤਾਂ ਸੁੱਤੀਆਂ ਸਦਾ ਲਈ ਜਾਗ ਪਈਆਂ, ਸੰਤ ਸੂਰਮੇ ਰੱਬੀ ਸੰਦੇਸ਼ ਦਿੱਤਾ।
ਚੁੱਕੀ ਤੇਗ ਸਮਾਜ-ਲਿਤਾੜਿਆਂ ਨੇ, 'ਅੰਮ੍ਰਿਤ' ਜਦੋਂ ਸਤਿਗੁਰੂ ਦਸਮੇਸ਼ ਦਿੱਤਾ।

ਉਸ ਨੇ 'ਸਤਲੁਜ' ਦੇ ਪਾਣੀ ਨੂੰ ਪਾਣ ਲਾਈ, ਨਾਲ ਲੋਹੇ ਦੇ ਲੋਹਾ ਘਸਾ ਕੇ ਤੇ।
ਹੋ ਕੇ ਬੀਰ-ਆਸਣ ਪੜ੍ਹਿਆ 'ਜਾਪੁ ਸਾਹਿਬ', ਉਸ ਨੇ ਇਕ ਅਕਾਲ ਧਿਆ ਕੇ ਤੇ।
ਆਣ, ਅਣਖ ਅਤੇ ਭਗਤਿ, ਸ਼ਕਤਿ ਪਾਈ, ਮੂੰਹੋਂ 'ਜਾਪੁ', 'ਸਵੈਯੇ' ਵੀ ਗਾ ਕੇ ਤੇ।
ਪੜ੍ਹੀ 'ਚੌਪਈ' ਬੇਨਤੀ ਰੂਪ ਹੋ ਕੇ, ਅਨਦ ਬਖ਼ਸ਼ਿਆ 'ਆਨੰਦ' ਸੁਣਾ ਕੇ ਤੇ।
ਮੁਰਦਾ ਦਿਲਾਂ ਨੂੰ ਕਰਨ ਲਈ ਅਮਰ ਜਗ ਤੇ, ਜਿਹਾ ਆਬੇ-ਹਯਾਤ ਬਣਾ ਦਿੱਤਾ।
ਜਿਸ ਨੇ ਚੱਖਿਆ ਉਹ ਸ਼ੇਰ-ਮਰਦ ਬਣਿਆ, ਉਸ ਨੇ ਧਰਤ ਆਕਾਸ਼ ਹਿਲਾ ਦਿੱਤਾ।

ਘੁੱਟ ਪੀ ਕੇ ਬਾਟੇ ਚੋਂ ਗਿਦੜਾਂ ਨੇ, ਬੱਬਰ-ਸ਼ੇਰਾਂ ਦੇ ਵੀ ਪੇਟ ਪਾੜ ਸੁੱਟੇ।
ਕੀਤੇ ਘੁੱਗੀਆਂ ਨੇ ਟੋਟੇ ਸ਼ਿਕਰਿਆਂ ਦੇ, ਬਾਜਾਂ ਜਹੇ ਵੀ ਚਿੜੀਆਂ ਲਿਤਾੜ ਸੁੱਟੇ।
ਇਸ ਦੇ ਇਕ ਇਕ ਪਿਆਕ ਨੇ ਰਣ ਅੰਦਰ, ਲੱਖ ਲੱਖ ਦੇ ਭੰਨ ਬੁਥਾੜ ਸੁੱਟੇ।
ਏਦਾਂ ਸਿਰਾਂ ਨੂੰ ਛਾਂਗਿਆ ਨਾਲ ਤੇਗਾਂ, ਜਿਵੇਂ ਬੇਰੀਆਂ ਤੋਂ ਬੇਰ ਝਾੜ ਸੁੱਟੇ।
ਅੱਖ ਚੁੱਕੀ ਨਾ ਭਾਰਤ ਵਲ ਫੇਰ ਉਨ੍ਹਾਂ, ਮਜ਼ਾ ਜਿਹਾ ਚੇਖਾਇਆ ਅਬਦਾਲੀਆਂ ਨੂੰ।
ਨਸਣਾ ਪਿਆ ਸਿਰ ਤੇ ਪੈਰ ਰਖ ਕੇ ਤੇ, 'ਮਿੱਤਰ' 'ਨਾਦਰ' ਜਹੇ ਤਖ਼ਤਾਂ ਦੇ ਵਾਲੀਆਂ ਨੂੰ।

---

# ਹੁਸ਼ਿਆਰਪੁਰ ਵਿਖੇ ਸ਼ਹੀਦੀ ਸਮਾਗਮ

ਪਿਛਲੇ ਸਾਲਾਂ ਵਾਂਗ ਸ਼ਹੀਦੀ ਗੁਰਪੁਰਬ ਸਮਾਗਮ, ਹੁਸ਼ਿਆਰਪੁਰ ਵਿਖੇ ੨੦ ਤੋਂ ੨੩ ਮਈ ਤਕ ਹੋ ਰਿਹਾ ਹੈ। ਵੇਰਵੇ ਸਹਿਤ ਪ੍ਰੋਗਰਾਮ ਆਉਂਦੇ ਪਰਚੇ ਵਿਚ ਵੇਖੋ।



www.AKJ.Org

# ਮਨ

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵਿਚੋਂ

[ਵਲੋਂ :—ਭਾਈ ਸਾਹਿਬ ਜੋਗਿੰਦਰ ਸਿੰਘ ਜੀ, ਤਲਵਾੜਾ]

ਜਿਵੇਂ ਜਗਤ-ਰਚਨਾ ਵਿਚ ਮਨੁੱਖ ਪ੍ਰਧਾਨ ਹਸਤੀ ਹੈ ਇਸੇ ਤਰ੍ਹਾਂ ਮਨੁੱਖੀ ਸਰੀਰ ਵਿਚ ਮਨ ਦਾ ਵਿਸ਼ੇਸ਼ ਅਸਥਾਨ ਹੈ । ਸਰੀਰ-ਗਡੀ ਦਾ 'ਮਨ' ਚਪਲ ਘੋੜਾ ਹੈ, ਜਿਸ ਦੀ ਦੌੜ ਦੇਸ-ਕਾਲ ਦੀਆਂ ਹੱਦਾਂ ਟਪ ਜਾਂਦੀ ਹੈ । ਮਨੁੱਖੀ ਵਿਕਾਸ ਵਿਚ ਮਨ ਦਾ ਵਿਸ਼ੇਸ਼ ਭਾਗ ਹੈ । ਮਨੁੱਖੀ ਸਰੀਰ ਦੇ ਸਾਰੇ ਗਿਆਨ ਅਤੇ ਕਰਮ-ਇੰਦਰੇ ਮਨ ਦੇ ਕਰਿੰਦੇ ਹਨ ਅਤੇ ਮਨ ਦੀ ਕਮਾਂਡ (ਅਰਦਲ) ਥਲੇ ਕੰਮ ਕਰਦੇ ਹਨ ।

ਮਨ ਦੀ ਹਸਤੀ ਬਾਰੇ ਬੁਧੀ-ਜੀਵੀਆਂ ਨੇ ਬੜੀਆਂ ਕਿਆਸ-ਅਰਾਈਆਂ ਕੀਤੀਆਂ ਹਨ, ਪਰ ਗੁਰਬਾਣੀ ਵਿਚ ਮਨ ਬਾਰੇ ਜੋ ਯਥਾਰਥ ਗਿਆਨ ਪਾਪਤ ਹੁੰਦਾ ਹੈ ਉਹ ਇਸ ਪ੍ਰਕਾਰ ਹੈ :—

ਇਹੁ ਮਨੁ ਸਕਤੀ ਇਹੁ ਮਨੁ ਸੀਉ ॥ ਇਹੁ ਮਨੁ ਪੰਚ ਤਤ ਕੋ ਜੀਉ ॥ ਇਹੁ ਮਨੁ ਲੇ ਜਉ ਉਨਮਨਿ ਰਹੈ ॥ ਤਉ ਤੀਨਿ ਲੋਕ ਕੀ ਬਾਤੈ ਕਹੈ ॥੩੩॥

[ਗਉੜੀ ਬਾਵਨ ਅਖਰੀ ਕਬੀਰ ਜੀ, ੩੪੨

ਮਨ ਅਸਲ ਵਿਚ ਜੋਤਿ-ਸਰੂਪ ਹੈ । ਆਪਣੇ ਅਸਲੇ ਨਾਲ ਜੁੜਿਆ ਮਨ ਅਨੰਤ ਸ਼ਕਤੀਆਂ ਦਾ ਸੁਆਮੀ ਹੈ । ਪਰ ਮਾਇਆ ਦੇ ਪ੍ਰਬਲ ਪ੍ਰਭਾਵ ਥਲੇ ਆ ਕੇ ਮਾਇਆ ਦੇ ਨਸ਼ੇ ਕਾਰਨ ਇਸ ਦਾ ਦਿਮਾਗ ਵਿਗੜ ਜਾਂਦਾ ਹੈ —

ਭੂਲਿਓ ਮਨੁ ਮਾਇਆ ਉਰਝਾਇਓ ॥੧॥ ਰਹਾਉ ॥ [ਜੈਤਸਰੀ ਮ: ੯

ਮਾਇਕੀ ਪਦਾਰਥਾਂ ਦੇ ਫ਼ਜ਼ੂਲ ਚਸਕਿਆਂ ਵਿਚ ਫਸ ਕੇ ਆਪਣੀ ਸ਼ਕਤੀ ਵਿਅਰਥ ਗੁਆ ਦਿੰਦਾ ਹੈ —

ਮਦਿ ਮਾਇਆ ਕੈ ਭਇਓ ਬਾਵਰੋ ਸੂਝਤ ਨਹ ਕਿਛੁ ਗਿਆਨਾ ॥੨॥੭॥ [ਸੋਰਠਿ ਮ: ੯

ਪਰ-ਧਨ ਪਰ-ਦਾਰਾ ਸਿਉ ਰਚਿਓ ਬਿਰਥਾ ਜਨਮੁ ਸਿਰਾਵੈ ॥੧॥੭॥ [ਸੋਰਠਿ ਮ: ੯

ਮਨ ਦੀ ਭਟਕਣਾ ਦਾ ਮੂਲ ਕਾਰਨ ਇਹ ਹੈ ਕਿ ਮਨ ਤ੍ਰਿਸ਼ਨਾ ਦੀ ਸੰਗਤਿ ਵਿਚ ਵਸਦਾ ਹੈ, ਜੋ ਮਹਾਂ ਚੰਚਲ ਹੈ—

ਸਾਧੋ ਇਹੁ ਮਨੁ ਗਹਿਓ ਨ ਜਾਈ ॥ ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ ॥੧॥ਰਹਾਉ॥੪॥ [ਗਉੜੀ ਮ: ੯

ਤ੍ਰਿਸ਼ਨਾ ਦਾ ਹਦ-ਬੰਨਾ ਕੋਈ ਨਹੀਂ; ਜਿਉਂ ਜਿਉਂ ਪਦਾਰਥ ਪ੍ਰਾਪਤ ਹੁੰਦੇ ਹਨ ਇਹ ਬੁੱਝਣ ਦੀ ਬਜਾਏ ਹੋਰ ਮੱਚਦੀ ਹੈ । ਲੋਭ ਲਹਿਰ ਦਾ ਹਲਕਾਇਆ ਹੋਇਆ ਇਹ ਮਨ ਧਨ ਇਕੱਤਰ ਕਰਨ ਦੀ ਖ਼ਾਤਰ ਸ਼ੁਦਾਈਆਂ ਵਾਂਗ ਦਸਾਂ ਦਿਸ਼ਾਂ ਵਿਚ ਟੱਕਰਾਂ ਮਾਰਦਾ ਫਿਰਦਾ ਹੈ—

ਲੋਭਿ ਗ੍ਰਸਿਓ ਦਸਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ ॥੧॥ਰਹਾਉ॥੧॥ [ਆਸਾ ਮ: ੯

ਆਤਮਿਕ ਸੁਖ ਨੂੰ ਛੱਡ ਕੇ ਮਾਇਕੀ ਹੋਛੇ ਰਸਾਂ ਪਿਛੇ ਲੂਰ ਲੂਰ ਕਰੀ ਫਿਰਦਾ ਹੈ । ਜਣੇ ਖਣੇ ਦੀ ਤਾਬੇਦਾਰੀ ਕਰ ਕੇ ਆਪਣੇ ਆਪ ਨੂੰ ਹੌਲਾ ਤੇ ਜ਼ਲੀਲ ਕਰਦਾ ਹੈ—

ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ ॥ ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ ॥੧॥੧॥ [ਆਸਾ ਮ: ੯

ਲੋਭੀ ਕੁੱਤੇ ਵਾਂਗ ਦਰ ਦਰ ਤੇ ਭਟਕਦਾ ਫਿਰਦਾ ਹੈ । ਸੁਖਾਂ ਦੀ ਖ਼ਾਤਰ ਖੱਲਜਗਣਾਂ ਵਿਚ ਪੈ ਕੇ ਸੁਖਾਂ ਨਾਲੋਂ ਜ਼ਿਆਦਾ ਦੁਖ ਭੋਗਦਾ ਰਹਿੰਦਾ ਹੈ । ਮਨ ਦੀ ਭਟਕਣਾ ਦਾ ਦੂਜਾ ਕਾਰਨ "ਭਰਮ" ਹੈ :

ਸਗਲ ਜਨਮੁ ਭਰਮ ਹੀ ਭਰਮਿ ਖੋਇਓ ਨਹ



www.AKJ.Org

ਅਸਥਿਰ ਮਤਿ ਪਾਈ ॥੧॥੬॥ [ਸੋਰਠਿ ਮ: ੯
ਭਰਮ ਇਹ ਕਿ :–

"ਰੱਬ ਪਤਾ ਨਹੀਂ ਹੈ ਕਿ ਨਹੀਂ, ਮਾਇਆ ਅਤੇ ਇਸ ਦੇ ਰਸ ਭੋਗਣ ਵਿਚ ਹੀ ਸੁਖ ਹੈ। ਰੂਹ ਕਿਹੜੀ ਕਿਸੇ ਦੇਖੀ ਹੈ, ਇਹ ਸਰੀਰ ਹੀ ਸਭ ਕੁਝ ਹੈ" ਆਦਿ।

ਇਹ ਭਰਮ ਅਗਿਆਨਤਾ ਦੀ ਉਪਜ ਹੈ ਅਤੇ ਓਨੀ ਦੇਰ ਨਹੀਂ ਮਿਟ ਸਕਦਾ ਜਿੰਨੀ ਦੇਰ ਤਕ ਗਿਆਨ ਦੁਆਰਾ ਆਪਾ ਨਹੀਂ ਪਛਾਣਿਆ ਜਾਂਦਾ–

ਜਨ ਨਾਨਕ ਬਿਨੁ ਆਪਾ ਚੀਨੇ ਮਿਟੈ ਨ ਭ੍ਰਮ
ਕੀ ਕਾਈ ॥੨॥੧॥ [ਧਨਾਸਰੀ ਮ: ੯

ਗਿਆਨ, ਗੁਰੂ ਤੋਂ ਬਗੈਰ ਪ੍ਰਾਪਤ ਨਹੀਂ ਹੁੰਦਾ। ਸੋ ਤੱਤ ਇਹ ਨਿਕਲਿਆ ਕਿ ਮਨ ਦੀ ਭਟਕਣਾ ਉਦੋਂ ਮੁਕਦੀ ਹੈ ਜਦੋਂ ਵਡੇ ਭਾਗਾਂ ਕਰਕੇ ਇਸ ਨੂੰ 'ਗੁਰੂ' ਮਿਲਦਾ ਹੈ ਅਤੇ ਗੁਰੂ ਪਾਸੋਂ ਨਾਮ ਦੀ ਦਾਤ ਪ੍ਰਾਪਤ ਹੁੰਦੀ ਹੈ–

ਕਲਿ ਮਹਿ ਮੁਕਤਿ ਨਾਮ ਤੇ ਪਾਵਤ ਗੁਰ ਯਹ
ਭੇਦੁ ਬਤਾਵੈ ॥੩॥੩॥ [ਬਿਲਾਵਲੁ ਮ: ੯
ਭਗਤਿ ਬਿਨਾ ਸਹਸਾ ਨਹ ਚੂਕੈ ਗੁਰੁ ਇਹੁ
ਭੇਦੁ ਬਤਾਵੈ ॥੧॥ਰਹਾਉ॥੨॥ ਬਿਲਾਵਲੁ ਮ: ੯

ਨਾਮ-ਸਿਮਰਨ ਦੀ ਬਰਕਤ ਨਾਲ ਗਿਆਨ ਪ੍ਰਚੰਡ ਹੁੰਦਾ ਹੈ ਤੇ ਭਰਮ ਦੇ ਛੌੜ ਕਟੇ ਜਾਂਦੇ ਹਨ; ਦੁਰਮਤਿ ਦੀ ਮੈਲ ਉਤਰ ਜਾਂਦੀ ਹੈ ਅਤੇ ਮਨ ਨਿਰਮਲ ਹੋ ਜਾਂਦਾ ਹੈ–

ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ
ਸਗਲ ਬਿਨਾਸੀ ॥੩॥੭॥ [ਸੋਰਠਿ ਮ: ੯

ਇਕ ਤਾਂ ਪਿਛਲੇ ਜਨਮਾਂ/ਜੂਨਾਂ ਦੇ ਸੰਸਕਾਰਾਂ ਕਾਰਨ ਅਤੇ ਦੂਜੇ ਮਾਇਆ ਦੇ ਪ੍ਰਬਲ ਪ੍ਰਭਾਵ ਕਾਰਨ ਮਨ ਅਮੋੜ ਅਤੇ ਅਵੈੜਾ ਵਿਚਰਦਾ ਰਿਹਾ। ਬਥੇਰੇ ਜਤਨ ਕੀਤੇ, ਪਰ ਜਿਵੇਂ ਕੁੱਤੇ ਦੀ ਪੂਛਲ ਸੌ ਵਰ੍ਹੇ ਨਲਕੀ ਵਿਚ ਰਖਣ ਮਗਰੋਂ ਵੀ ਡਿੰਗੀ ਦੀ ਡਿੰਗੀ ਰਹਿੰਦੀ ਹੈ, ਮਨ ਦੇ ਵਿੰਗ-ਵਲ ਨਾ ਨਿਕਲੇ ਤੇ ਇਹ ਭਟਕਦਾ ਹੀ ਰਿਹਾ–

ਸੁਆਨ ਪੂਛ ਜਿਉ ਭਇਓ ਨ ਸੂਧਉ ਬਹੁਤੁ
ਜਤਨੁ ਮੈ ਕੀਨਉ ॥੩॥੯॥ [ਸੋਰਠਿ ਮ: ੯

ਪ੍ਰਭੂ ਦੀ ਮਿਹਰ ਦਾ ਸਦਕਾ ਸਤਿਗੁਰੂ ਮਿਲਿਆ, ਜਿਸ ਤੋਂ ਗੁਰਮਤਿ-ਨਾਮ ਦੀ ਪ੍ਰਾਪਤੀ ਹੋਈ–

ਮਾਈ ਮੈ ਧਨੁ ਪਾਇਓ ਹਰਿ ਨਾਮੁ ॥ ਮਨ
ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ
॥੧॥ਰਹਾਉ॥ ਮਾਇਆ ਮਮਤਾ ਤਨ ਤੇ
ਭਾਗੀ ਉਪਜਿਓ ਨਿਰਮਲ ਗਿਆਨੁ ॥
ਲੋਭ ਮੋਹ ਏ ਪਰਸਿ ਨ ਸਾਕਹਿ ਗਹੀ ਭਗਤਿ
ਭਗਵਾਨ ॥੧॥ ਜਨਮ ਜਨਮ ਕਾ ਸੰਸਾ ਚੂਕਾ
ਰਤਨੁ ਨਾਮੁ ਜਬ ਪਾਇਆ ॥ ਤ੍ਰਿਸਨਾ ਸਕਲ
ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ
੨॥੩॥ [ਬਸੰਤੁ ਮ: ੯

ਨਾਮ ਦੀ ਛੁਹ ਲਗਣ ਸਾਰ ਮਨ ਦੀ ਜ਼ਹਿਰ ਸਾਰੀ ਨਿੰਕਲ ਗਈ। ਸ਼ਬਦ-ਨਾਦ ਵਿਚ ਮਸਤ ਹੋਇਆ ਮਨ ਸ੍ਵੈ-ਸਰੂਪ ਵਿਚ ਟਿਕ ਗਿਆ। ਟਿਕਾਅ ਵਿਚ ਅਨੁਭਵ ਜਾਗਿਆ ਤੇ ਮਨ ਜੋਤਿ ਸਰੂਪ ਹੋ ਗਿਆ।

ਸੋ ਜਿਸ ਨੇ ਦਸੀਂ ਪਾਸੀਂ ਭਟਕਦੇ ਚੰਚਲ ਮਨ ਨੂੰ ਅਸਥਿਤ ਕਰ ਕੇ ਅਫੁਰ ਕੁਰ ਲਿਆ ਹੈ, ਅਸਲ ਵਿਚ ਮੁਕਤੀ ਉਸੇ ਮਨੁੱਖ ਦੀ ਸਮਝਣੀ ਚਾਹੀਦੀ ਹੈ–

ਚੰਚਲ ਮਨੁ ਦਹ ਦਿਸਿ ਕਉ ਧਾਵਤ ਅਚਲੁ
ਜਾਹਿ ਠਹਿਰਾਨੋ ॥ ਕਹੁ ਨਾਨਕ ਇਹ ਬਿਧਿ
ਕੋ ਜੋ ਨਰੁ ਮੁਕਤਿ ਤਾਹਿ ਤੁਮ ਮਾਨੋ ॥੨॥੩॥
[ਧਨਾਸਰੀ ਮ: ੯

[ਪੁਸਤਕ "ਸਟੀਕ ਬਾਣੀ ਸ੍ਰੀ ਗੁਰੂ ਤੇਗ ਬਹਾਦਰ" ਚੋਂ

## ਭਾਈ ਹਰਬੰਸ ਸਿੰਘ ਜੀ ਪਠਾਨਕੋਟ ਚਲਾਣਾ ਕਰ ਗਏ

ਸਮੂਹ ਸੰਗਤਾਂ ਨੂੰ ਵਿਦਤ ਕੀਤਾ ਜਾਂਦਾ ਹੈ ਕਿ ਮੇਰੇ ਮਾਨਯੋਗ ਪਿਤਾ ਭਾਈ ਹਰਬੰਸ ਸਿੰਘ ਜੀ ਪਠਾਨਕੋਟ ੨੫ ਜਨਵਰੀ ੧੯੭੭ ਨੂੰ ਅਕਾਲ ਚਲਾਣਾ ਕਰ ਗਏ ਹਨ। ਪਰਵਾਰ ਵਲੋਂ ਫ਼ਰਵਰੀ ਵਿਚ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ ਤੇ ਅਰਦਾਸ ਕੀਤੀ ਗਈ ਕਿ ਸੱਚੇ ਪਾਤਸ਼ਾਹ ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਬਖਸ਼ਣ।

ਸੰਗਤਾਂ ਦਾ ਦਾਸਰਾ–ਇੰਦਰਪਾਲ ਸਿੰਘ



www.AKJ.Org

# ਸੋਹਣੀ ਸੁੰਦਰ ਦਸਤਾਰ ਤੇ ਸਿੱਖੀ ਮਾਰਗ

[ਵਲੋਂ :–ਸ: ਅਜਮੇਰ ਸਿੰਘ ਜੀ, ਐਮ. ਏ., ਲੋਹਗੜ੍ਹ]

ਇਸ ਨਾਸਤਕਤਾ ਦੇ ਯੁਗ ਵਿਚ ਜਿਵੇਂ ਕੇਸਾਂ ਦਾ ਕੋਈ ਅਦਬ ਸਤਿਕਾਰ ਨਹੀਂ ਰਿਹਾ, ਇਸੇ ਤਰ੍ਹਾਂ ਪੱਛਮੀ ਤਹਿਜ਼ੀਬ ਦੇ ਫੂੰਡੇ ਹੋਏ ਸਿਖ ਨੌਜਵਾਨ ਦਸਤਾਰ ਦੀ ਅਸਲੀਅਤ ਨੂੰ ਵੀ ਅੱਖੋਂ ਓਹਲੇ ਕਰਦੇ ਜਾ ਰਹੇ ਹਨ। ਕਾਲਜਾਂ, ਸਕੂਲਾਂ ਵਿਚ ਪੜ੍ਹਨ ਵਾਲੇ ਸਿੱਖ ਮੁੰਡੇ, ਬਾਹਰ ਖੇਤਾਂ ਵਿਚ ਸੈਰ ਕਰਦੇ, ਬਾਜ਼ਾਰਾਂ ਵਿਚ ਤੁਰੇ ਜਾਂਦੇ, ਕਈ ਵੇਰ ਨੰਗੇ ਸਿਰ ਹੀ ਦੇਖੇ ਜਾਂਦੇ ਨੇ। ਕੇਸਾਂ ਨੂੰ ਨੰਗੇ ਰਖਣਾ, ਕੇਸਾਂ ਦੀ ਬੇਅਦਬੀ ਕਰਨਾ ਹੈ। ਸੋਹਣੀ ਸੁੰਦਰ ਦਸਤਾਰ ਹੀ ਹਰ ਗੁਰਸਿਖ ਦੀ ਸ਼ਾਨ ਹੈ। ਸਿਰ ਦੀ ਪਗੜੀ ਭਾਰਤ ਦੀ ਪੁਰਾਣੀ ਸਭਿਅਤਾ ਦਾ ਚਿੰਨ੍ਹ ਹੈ।

ਪੁਰਾਣੇ ਰਾਜੇ ਮਹਾਰਾਜੇ ਤੇ ਬਾਦਸ਼ਾਹ ਸਭ ਪਗੜੀ ਬੰਨ੍ਹਦੇ ਹੁੰਦੇ ਸਨ। ਮਹਿਮੂਦ ਗਜ਼ਨਵੀ ਤੋਂ ਲੈ ਕੇ ਬਾਬਰ, ਅਕਬਰ, ਜਹਾਂਗੀਰ, ਸ਼ਾਹਜਹਾਂ ਤੇ ਔਰੰਗਜ਼ੇਬ ਤਕ ਸਾਰੇ ਹਮੇਸ਼ਾ ਪਗੜੀ ਬੰਨ੍ਹਦੇ ਸਨ। ਰਾਜਪੂਤਾਂ ਦੀ ਖ਼ਾਸ ਸ਼ਾਨ ਇਹ ਪਗੜੀ ਸੀ। ਰਾਜਸਥਾਨ 'ਚ ਹੁਣ ਵੀ ਕਈ ਰਾਜਪੂਤ, ਬਹੁਤ ਵੱਡੀਆਂ ਪਗੜੀਆਂ ਬੜੇ ਸ਼ੌਕ ਨਾਲ ਬਣਾ ਸੁਆਰ ਕੇ ਬੰਨ੍ਹਦੇ ਹਨ। ਕਹਿੰਦੇ ਸਨ ਕਿ ਜਿਸਦੀ ਪੱਗ ਗਈ, ਉਸ ਦਾ ਸਭ ਕੁਝ ਗਿਆ। ਪੱਗ ਨੂੰ ਇਜ਼ਤ ਸਮਝਿਆ ਜਾਂਦਾ ਸੀ।

ਮਹਾਰਾਣਾ ਪ੍ਰਤਾਪ, ਸ਼ਿਵਾ ਜੀ ਮਰਹੱਟਾ, ਟੀਪੂ ਸੁਲਤਾਨ, ਨਵਾਬ ਸਰਾਜ-ਉਲ-ਦੌਲਾ, ਰਾਣੀ ਝਾਂਸੀ, ਨਾਨਾ ਫ਼ਰਨਵੀਸ, ਤਾਂਤੀਆ ਟੋਪੇ, ਇਹ ਸਾਰੇ ਹਮੇਸ਼ਾ ਆਪਣੇ ਸਿਰ ਉਪਰ ਪਗੜੀ ਰਖਦੇ ਸਨ।

ਸੀਸ ਉਪਰ ਸਜੀ ਹੋਈ, ਸੋਹਣੀ ਦਸਤਾਰ, ਹਰ ਗੁਰਸਿੱਖ ਦਾ ਬਹੁਮੁੱਲਾ ਸ਼ਿੰਗਾਰ ਹੈ। ਇਹ ਦਸਤਾਰ ਹੀ ਹੈ, ਜਿਸ ਤੋਂ ਹਰ ਗੁਰੂ ਸੁਆਰੇ ਗੁਰਮੁਖ ਦੀ ਸੁਚੱਜਤਾ, ਸਾਦਗੀ ਤੇ ਸੀਨੇ ਦੀ ਸੁੰਦਰਤਾ ਦਾ ਪਤਾ ਲਗਦਾ ਹੈ। ਸ਼ੇਕਸਪੀਅਰ ਦੇ ਕਥਨ ਅਨੁਸਾਰ ਹਰ ਕਿਸੇ ਦੇ ਪਹਿਰਾਵੇ ਤੇ ਲਿਬਾਸ ਤੋਂ ਉਸਦੇ ਅੰਦਰਲੇ ਉਜਾਲੇ ਦੀ ਕੁਝ ਨਾ ਕੁਝ ਝਲਕ ਜ਼ਰੂਰ ਪੈਂਦੀ ਹੈ। ਪਵਿਤਰ ਪਿਆਰੇ ਕੇਸਾਂ ਦੀ ਸੰਭਾਲ ਲਈ, ਦਸਤਾਰ ਦਾ ਹਰ ਵੇਲੇ ਸਿਰ ਉਪਰ ਹੋਣਾ ਬਹੁਤ ਜ਼ਰੂਰੀ ਹੈ।

ਬੜੇ ਅਫਸੋਸ ਦੀ ਗੱਲ ਹੈ ਕਿ ਅਜ ਸਾਡੇ ਵਿਚੋਂ ਦਸਤਾਰ ਦਾ ਸਤਿਕਾਰ ਅਲੋਪ ਹੁੰਦਾ ਜਾ ਰਿਹਾ ਹੈ। ਕਈ ਸਿਖ ਵੇਖੀਦੇ ਨੇ, ਬੁੱਢੇ ਵੀ ਤੇ ਜਵਾਨ ਵੀ, ਬਸਾਂ ਜਾਂ ਰੇਲਾਂ ਵਿਚ ਸਫਰ ਕਰਨ ਸਮੇਂ ਸਿਰ ਤੋਂ ਪਗੜੀ ਲਾਹ ਕੇ ਬੈਠ ਜਾਣਗੇ। ਇਹ ਤਾਂ ਕੇਸਾਂ ਦੀ ਬੇ-ਅਦਬੀ ਹੈ। ਜਿਸ ਤਰ੍ਹਾਂ ਅਸੀਂ ਹਰ ਇਕ ਬਹੁਮੁੱਲੀ, ਕੀਮਤੀ ਤੇ ਪਿਆਰੀ ਚੀਜ਼ ਨੂੰ ਹਮੇਸ਼ਾ ਢਕ ਕੇ, ਸੁਆਰ ਕੇ ਤੇ ਬਹੁਤ ਹੀ ਸੰਭਾਲ ਨਾਲ ਰਖਦੇ ਹਾਂ, ਇਸੇ ਤਰ੍ਹਾਂ ਇਹ ਪਿਆਰੇ ਪਿਆਰੇ ਕੇਸ, ਜਿਹੜੇ ਗੁਰਸਿਖੀ ਦੀ ਨਿਸ਼ਾਨੀ ਹਨ, ਦੀ ਸੰਭਾਲ ਕਰਨੀ ਬਹੁਤ ਹੀ ਜ਼ਰੂਰੀ ਹੈ। ਨੰਗੇ ਸਿਰ ਫਿਰਨ ਨਾਲ ਕੇਸਾਂ ਵਿਚ ਗਰਦ ਪੈਂਦੀ ਹੈ। ਕਈ ਵੇਰੀ ਜੂਠੇ ਹੱਥਾਂ ਨਾਲ ਕੇਸਾਂ ਨੂੰ ਛੂਹਿਆ ਜਾਂਦਾ ਹੈ ਜਾਂ ਇਸ ਤਰ੍ਹਾਂ ਦੀ ਕੋਈ ਹੋਰ ਬੇ-ਅਦਬੀ ਹੋ ਜਾਂਦੀ ਹੈ। ਪੁਰਾਣੇ ਗੁਰਸਿਖ ਕਦੀ ਵੀ ਕਿਸੇ ਗ਼ੈਰ ਦੇ ਸਾਹਮਣੇ ਕੇਸਾਂ ਨੂੰ ਨੰਗਾ ਨਹੀਂ ਸਨ ਕਰਦੇ।

ਕੇਸਾਂ ਦੀ ਸੰਭਾਲ ਲਈ ਦੂਹਰੀ ਦਸਤਾਰ ਸਜਾਈ ਜਾਂਦੀ ਸੀ। ਹੁਣ ਸ਼ੁਕੀਨੀ ਵਜੋਂ ਫਿਫਟੀ ਬੰਨ੍ਹਣ ਦਾ ਰਿਵਾਜ ਪੈ ਗਿਆ ਹੈ। ਵੇਖਣ ਨੂੰ ਤਾਂ ਇਉਂ ਦਿਸਦਾ ਹੈ, ਜਿਵੇਂ ਪਗੜੀ ਦੇ ਹੇਠਾਂ ਛੋਟੀ ਦਸਤਾਰ ਕੇਸਾਂ ਦੀ ਸੰਭਾਲ ਲਈ ਬੰਨ੍ਹੀ ਹੋਵੇ, ਪਰ ਇਸ ਮਖ਼ੌਲ-ਬਾਜ਼ੀ ਨੂੰ ਵੇਖੋ ਕਿ ਅਸਲ ਵਿਚ ਇਹ ਐਵੇਂ ਚਾਰ ਕੁ ਉਂਗਲਾਂ ਚੌੜੀ ਲੀਰ, ਮੱਥੇ ਦੇ ਵਿਚਕਾਰ ਰਖ ਕੇ, ਫੀਤਿਆਂ ਨਾਲ ਦੋਨੋਂ ਸਿਰੇ ਬੰਨ੍ਹੇ ਹੋਏ ਹੁੰਦੇ ਹਨ। ਜੇ ਇਹ ਧੋਖਾ ਨਹੀਂ ਤਾਂ ਹੋਰ ਕੀ ਹੈ?

ਇਨ੍ਹਾਂ ਕੇਸਾਂ ਦੀ ਕਦਰ ਤਾਂ ਸ਼ਹੀਦ ਭਾਈ



www.AKJ.Org

ਤਾਰੂ ਸਿੰਘ, ਭਾਈ ਮਨੀ ਸਿੰਘ, ਭਾਈ ਸੁਬੇਗ ਸਿੰਘ ਜਾਂ ਹੋਰ ਮਰਜੀਵੜੇ ਸ਼ਹੀਦਾਂ ਨੂੰ ਸੀ, ਜਿਨ੍ਹਾਂ ਨੇ ਬੰਦ ਬੰਦ ਕਟਵਾਏ, ਖੋਪਰੀਆਂ ਉਤਰਵਾਈਆਂ, ਆਰਿਆਂ ਨਾਲ ਚੀਰੇ ਗਏ, ਪਰ ਕੇਸਾਂ ਦੀ ਰਤਾ ਜਿੰਨੀ ਵੀ ਬੇਅਦਬੀ ਨਹੀਂ ਹੋਣ ਦਿਤੀ। ਪੁਰਾਣੇ ਗੁਰ-ਸਿੱਖਾਂ ਦਾ ਦ੍ਰਿੜ੍ਹ ਵਿਸ਼ਵਾਸ ਸੀ ਕਿ ਰਾਜ-ਭਾਗ ਦਾ ਖੁੱਸ ਜਾਣਾ ਜਾਂ ਜਾਨ ਦਾ ਨਿਕਲ ਜਾਣਾ, ਇਕ ਮਾਮੂਲੀ ਗੱਲ ਹੈ, ਪਰ ਜੇ ਕਿਸੇ ਇਕ ਕੇਸ ਨੂੰ ਵੀ ਕੋਈ ਆਂਚ ਪਹੁੰਚ ਜਾਵੇ ਤਾਂ ਸਮਝੋ ਕਿ ਇਹ ਬਹੁਤ ਭਾਰੀ ਖੁਨਾਮੀ ਹੋਈ ਤੇ ਸਭ ਕੁਝ ਤਬਾਹ ਹੋ ਗਿਆ ਹੈ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾ ਨੂੰ ਕੇਸਾਧਾਰੀ ਬਣਾ ਕੇ, ਸਿਖੀ ਰਹਿਤ ਦਾ ਜੀਵਨ ਬਖ਼ਸ਼ ਕੇ ਆਪਣੀ ਅਕਾਲੀ ਸੈਨਾ ਦਾ ਇਕ ਨਰੋਆ ਸੈਨਕ ਬਣਾਇਆ ਸੀ। ਹੁਣ ਜਿਹੜਾ ਕੋਈ ਕੇਸਾਂ ਦਾ ਸਤਿਕਾਰ ਨਾ ਕਰੇ ਜਾਂ ਸਾਬਤ ਸੂਰਤ ਦਸਤਾਰ ਸਜਾ ਕੇ ਕੇਸਾਂ ਦੀ ਸੰਭਾਲ ਨਾ ਕਰੇ, ਉਹ ਦਸਮੇਸ਼ ਗੁਰੂ ਜੀ ਦੀ ਅਦੁਤੀ ਅਕਾਲੀ ਸੈਨਾ ਦਾ ਸੈਨਕ ਨਹੀਂ ਕਿਹਾ ਜਾ ਸਕਦਾ।

ਫ਼ੈਸ਼ਨ-ਪ੍ਰਸਤੀ ਦੇ ਪੱਟੇ ਹੋਏ ਕਈ ਨੌਜਵਾਨ ਬੜੇ ਹੀ ਅਜੀਬੋ-ਗਰੀਬ ਸਵਾਲ ਕਰਦੇ ਹਨ। ਜਿਵੇਂ—

ਕਿਉਂ ਜੀ ! ਗਰਮੀ ਵਿਚ ਹਰ ਵੇਲੇ ਪਗੜੀ ਕਿਵੇਂ ਸਿਰ ਉਪਰ ਚੁੱਕੀ ਰੱਖੀਏ ?

ਕੀ ਕਦੀ ਕੇਸਾਂ ਨੂੰ ਹਵਾ ਨਹੀਂ ਲੁਆਣੀ ਚਾਹੀਦੀ ?

ਜਦ ਹੋਰ ਸਾਰੀ ਦੁਨੀਆ ਹਰ ਵੇਲੇ ਨੰਗੇ ਸਿਰ ਹੀ ਰਹਿੰਦੀ ਹੈ, ਤੇ ਜੇ ਏਸੇ ਤਰ੍ਹਾਂ ਅਸੀਂ ਵੀ ਕਦੀ ਨੰਗੇ ਸਿਰ, ਬਾਹਰ ਤੁਰ ਫਿਰ ਲਈਏ ਤਾਂ ਭਲਾ ਕੀ ਹਰਜ ਹੋਇਆ ?

ਇਸ ਤਰ੍ਹਾਂ ਦੇ ਹੁੱਜਤੀ ਲੋਕ ਹੋਰ ਬਥੇਰੀਆਂ ਹੁੱਜਤਾਂ ਘੜਦੇ ਹਨ। ਮੂੰਹ ਪਾੜ ਪਾੜ ਕੇ ਬੜੀਆਂ ਗੱਲਾਂ ਕਰਦੇ ਹਨ। ਪਰ ਇਹਨਾਂ ਹੁੱਜਤੀ ਲੋਕਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ 'ਸਿਖੀ ਖੰਨਿਓਂ ਤਿੱਖੀ ਤੇ ਵਾਲੋਂ ਨਿੱਕੀ ਹੈ।' ਗੁਰੂ ਗੋਬਿੰਦ ਸਿੰਘ ਦੀ ਸਿੱਖੀ ਐਵੇਂ ਕੋਈ ਸੁਗਲ ਮੇਲਾ ਜਾਂ ਮਖ਼ੌਲਬਾਜ਼ੀ ਨਹੀਂ। ਸਿੱਖੀ ਦਾ ਦਰਜਾ ਐਵੇਂ ਗੱਲਾਂ ਬਾਤਾਂ ਨਾਲ ਪ੍ਰਾਪਤ ਨਹੀਂ ਹੋ ਜਾਂਦਾ। ਸਿੱਖੀ ਦੇ ਮਾਰਗ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਆਪਣੇ ਸੀਸ ਨੂੰ ਹਥੇਲੀ ਉੱਪਰ ਰੱਖਣਾ ਪੈਂਦਾ ਹੈ। ਪਰ ਘੁੰਤਰੀ ਫ਼ੈਸ਼ਨ-ਪ੍ਰਸਤ ਲੋਕ, ਜਿਹੜੇ ਆਪਣੇ ਸੀਸ ਉਪਰ ਦਸਤਾਰ ਵੀ ਨਹੀਂ ਰਖ ਸਕਦੇ, ਉਹਨਾਂ ਆਪਣੇ ਸੀਸ ਨੂੰ ਹਥੇਲੀ ਉਪਰ ਖ਼ਾਕ ਰਖਣਾ ਹੋਇਆ। ਐਸੇ ਹੁੱਜਤੀ ਤੇ ਬਹਾਨੇਬਾਜ਼ ਲੋਕ, ਕਦੀ ਭੁੱਲ ਕੇ ਵੀ ਸਿੱਖੀ ਦੇ ਦਰਜੇ ਨੂੰ ਪ੍ਰਾਪਤ ਨਹੀਂ ਕਰ ਸਕਦੇ।

—o—

# ਮਾਸਕ ਸਮਾਗਮ ਕੀਰਤਨ ਰੈਣ-ਸਬਾਈ ਲੁਧਿਆਣਾ

ਗੁਰੂ ਕਿਰਪਾ ਨਾਲ ੩੦ ਅਪ੍ਰੈਲ ਸ਼ਨੀਵਾਰ ਦੀ ਰਾਤ ਨੂੰ ਰੈਣ-ਸਬਈ ਦੇ ਸੁਹਾਵੜੇ ਕੀਰਤਨ ਹੋ ਰਹੇ ਹਨ ਜਿਸ ਵਿਚ ਜ਼ਿਲਾ ਤੇ ਸ਼ਹਿਰ ਲੁਧਿਆਣਾ ਤੋਂ ਇਲਾਵਾ ਹੋਰ ਸ਼ਹਿਰਾਂ ਤੋਂ ਵੀ ਗੁਰੂ ਕੇ ਕੀਰਤਨੀ ਜਥੇ ਪੁਜ ਰਹੇ ਹਨ। ਭਾਈ ਸਾਹਿਬ ਮਹਿੰਦਰ ਸਿੰਘ ਜੀ ਐਸ. ਡੀ. ਓ. ਵੀ ਪੁਜਣਗੇ। ਸਮੂਹ ਵੀਰ ਭੈਣਾਂ ਦਰਸ਼ਨ ਦੀਦਾਰੇ ਬਖ਼ਸ਼ ਕੇ ਕਿਰਤਾਰਥ ਕਰੋ ਜੀ।

ਦਾਸਰਾ—ਹਰਭਜਨ ਸਿੰਘ, ਸੰਤ ਮਕੈਨੀਕਲ ਵਰਕਸ, ਭਗਵਾਨ ਚੌਕ, ਲੁਧਿਆਣਾ-੩

# ਖੰਨਾ ਵਿਖੇ ਸਾਲਾਨਾ ਰੈਣ-ਸਬਾਈ ਕੀਰਤਨ

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਖੰਨਾ ਵਿਖੇ ੨੩ ਅਪ੍ਰੈਲ ਸ਼ਨੀਵਾਰ ਦੀ ਰਾਤ ਨੂੰ ਰੈਣ-ਸਬਾਈ ਕੀਰਤਨ ਹੋ ਰਹੇ ਹਨ। ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਅਖੰਡ ਕੀਰਤਨੀ ਜੱਥੇ ਲੁਧਿਆਣਾ, ਪਟਿਆਲਾ, ਮੋਗਾ, ਮੁਲਾਪੁਰ, ਫ਼ਿਰੋਜ਼ਪੁਰ, ਸੁਧਾਰ, ਬਠਿੰਡਾ, ਦੋਰਾਹਾ, ਜਲੰਧਰ ਆਦਿ ਤੋਂ ਪੁਜ ਰਹੇ ਹਨ। ਪਰਵਾਰਾਂ ਤੇ ਸਤਸੰਗੀਆਂ ਸਮੇਤ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਪੁਛ ਗਿਛ—ਗੁਰਮੁਖ ਸਿੰਘ
ਰਾੜਾ ਕਲਾਥ ਹਾਊਸ, ਚੌੜਾ ਬਜ਼ਾਰ, ਖੰਨਾ

ਦਰਸ਼ਨ ਅਭਿਲਾਖੀ—ਅਖੰਡ ਕੀਰਤਨੀ ਜੱਥਾ, ਖੰਨਾ

www.AKJ.Org

# ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਬਾਲਮ ਸਾਖੀਆਂ

[ ਵਲੋਂ :—ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ]

## ੯. ਜਨੇਊ—

ਗੁਰੂ ਨਾਨਕ ਦੇਵ ਜੀ ਖਤ੍ਰੀ ਕੁਲ ਵਿਚ ਔਤਾਰ ਹੋਏ ਸੇ, ਜਿਨ੍ਹਾਂ ਨੂੰ ਵੇਦੀ ਆਖਦੇ ਹਨ। ਕੁਲ ਆਖਦੇ ਹਨ ਜਾਤਿ ਨੂੰ। ਹਿੰਦੂਆਂ ਵਿਚ ਇਕ ਜਾਤਿ ਹੈ ਬ੍ਰਾਹਮਣ, ਇਕ ਖਤ੍ਰੀ, ਇਹ ਦੋ ਜਾਤਾਂ ਉੱਚੀਆਂ ਆਖਦੇ ਹਨ। ਇਹਨਾਂ ਵਿਚ ਇਕ ਚਾਲ ਹੈ ਕਿ ਬਾਲ ਜਦ ਨੌਂ ਕਿ ਯਾਰਾਂ ਵਰ੍ਹਿਆਂ ਦਾ ਹੋ ਜਾਵੇ ਤਾਂ ਉਸ ਦੇ ਗਲ ਵਿਚ ਜਨੇਊ ਪਾਉਂਦੇ ਹਨ।

ਹੁਣ ਗੁਰੂ ਜੀ ਦੇ ਪਿਤਾ ਜੀ ਨੇ ਸੋਚਿਆ ਕਿ ਬਰਖੁਰਦਾਰ ਪੁਤ੍ਰ ਨੂੰ ਜਨੇਊ ਪ੍ਰਾਈਏ।

ਜਨੇਊ ਪਾਉਣ ਵੇਲੇ ਬਹੁਤ ਰੌਣਕ ਕਰਦੇ ਹਨ। ਸਾਰੇ ਸਾਕ ਭਰਾ ਮਿਤ੍ਰ ਸੱਦਦੇ ਹਨ, ਚੰਗੇ ਚੰਗੇ ਭੋਜਨ ਬਣਾਉਂਦੇ ਹਨ। ਖਤ੍ਰੀ ਘਰਾਂ ਵਿਚ ਤਾਂ ਬਕਰੇ ਮਾਰ ਕੇ ਮਾਸ ਬੀ ਰਿੰਨ੍ਹਦੇ ਹਨ ਤੇ ਆਇਆਂ ਨੂੰ ਖੁਆ-ਲਦੇ ਹਨ। ਮਹਿਤਾ ਕਾਲੂ ਜੀ ਇਹ ਖੁਸ਼ੀ ਆਪਣੇ ਪੁਤ੍ਰ ਦੀ ਵੇਖਣੀ ਲੋਚਦੇ ਸਨ; ਸੋ ਹਰਦਿਆਲ ਪ੍ਰੋਹਿਤ ਨਾਲ ਸਲਾਹ ਕਰ ਕੇ ਸਾਰੀ ਤਿਆਰੀ ਕਰ ਲਈ। ਜੋ ਦਿਨ ਇਸ ਕੰਮ ਲਈ ਥਾਪਿਆ ਸੀ, ਕਿ ਫ਼ਲਾਣੇ ਦਿਨ ਇਹ ਖੁਸ਼ੀਆਂ ਮਨਾਵਾਂਗੇ, ਓਸ ਦਿਨ ਪੰਡਿਤ ਆ ਗਿਆ।

ਪੰਡਿਤ ਨੇ ਆ ਕੇ ਵਿਹੜੇ ਵਿਚ ਚੌਂਕਾ ਪੁਆ ਕੇ ਇਸ ਨੂੰ ਸੁਥਰਾ ਬਣਵਾਇਆ। ਫੇਰ ਇਕ ਵਡੀ ਚੌਂਕੀ ਡਹਾਈ;ਇਸ ਉਤੇ ਇਕ ਆਸਣ ਵਿਛਾ ਕੇ ਆਪ ਬਹਿ ਗਿਆ ਤੇ ਆਪਣੇ ਅੱਗੇ ਆਟੇ ਨਾਲ ਚੌਂਕ ਪੂਰਿਆ।

ਚੌਂਕ ਪੂਰਨਾ ਕੀਹ ਹੁੰਦਾ ਹੈ ? ਬ੍ਰਾਹਮਣ ਆਟਾ ਉਂਗਲਾਂ ਦੀ ਚੁਟਕੀ ਵਿਚ ਲੈ ਕੇ ਕੋਈ ਸ਼ਕਲਾਂ ਵਾਹੁੰਦਾ ਹੈ, ਇਕ ਅੱਖਰ ਬਣਾਉਂਦਾ ਹੈ। ਅੱਖਰ ਹੈ 'ॐ' ਏਸ ਸ਼ਕਲ ਦਾ, ਜਿਸ ਨੂੰ ਓਂ ਆਖਦੇ ਹਨ, ਨਾਲ ਅਸਮਾਨ ਦੇ ਨੌਂ ਤਾਰਿਆਂ ਦੇ ਨਿਸ਼ਾਨ ਬਣਾ-ਉਂਦਾ ਹੈ। ਫੇਰ ਇਕ ਹੋਰ ਸ਼ਕਲ ਬਣਾਉਂਦਾ ਹੈ, ਜਿਸ ਦਾ ਨਾਉਂ ਗਣੇਸ਼ ਆਖਦਾ ਹੈ। ਇਸ ਤਰ੍ਹਾਂ ਚੌਂਕ ਪੂਰ ਕੇ ਉਸ ਨੇ ਇਸ ਤੋਂ ਦੂਜੇ ਪਾਸੇ ਆਪਣੇ ਸਾਹਮਣੇ ਗੁਰੂ ਬਾਲਕੇ ਨੂੰ ਬਹਾਲ ਲੀਤਾ ਤੇ ਲਗਾ ਕੁਛ ਪੜ੍ਹਨ, ਜਿਸ ਨੂੰ ਮੰਤ੍ਰ ਪੜ੍ਹਨਾ ਆਖਦੇ ਹਨ। ਓਨ੍ਹੇ ਐਉਂ ਪੂਜਾ ਕੀਤੀ ਸਾਰੀਆਂ ਬਣਾਈਆਂ ਮੂਰਤਾਂ ਦੀ। ਪੰਡਿਤ ਤਾਂ ਪੂਜਾ ਕਰਦਾ ਪਿਆ ਸੀ ਤੇ ਨਾਨਕ ਗੁਰੂ ਜੀ ਮਿੱਠੀ ਮਿੱਠੀ ਮੁਸਕਰਾਹਟ ਵਿਚ ਸਨ: ਅੱਖਾਂ ਵਿਚ ਇਕ ਚਮਕ ਸੀ ਸੁਆਦ ਵਾਲੀ, ਐਉਂ ਪਿਆ ਜਾਪੇ ਜਿਵੇਂ ਆਪਣੇ ਆਪ ਵਿਚ ਫੁਲ ਵਾਂਙੂ ਖਿੜੇ ਹੋਏ ਪਰ ਟਿਕੇ ਹੋਏ ਬੈਠੇ ਹਨ। ਪ੍ਰੋਹਿਤ ਹਰਦਿਆਲ ਨੇ ਹੁਣ ਹੋਰ ਮੰਤ੍ਰ ਪੜ੍ਹੇ ਤੇ ਇਕ ਜਨੇਊ ਚੱਕ ਕੇ ਉਸ ਪੁਰ ਬੀ ਮੰਤ੍ਰ ਪੜ੍ਹੇ।

ਜਨੇਊ ਇਕ ਸੱਤ ਤਾਰਾਂ ਵਾਲੇ ਤਾਗਿਆਂ ਦਾ, ਜੋ ਵੱਟੇ ਹੋਏ ਹੁੰਦੇ ਹਨ, ਇਕ ਗੋਲ ਘੇਰਾ ਜਿਹਾ ਬਣਿਆ ਹੁੰਦਾ ਹੈ, ਜੋ ਏਡਾ ਵਡਾ ਹੁੰਦਾ ਹੈ ਕਿ ਗਲੇ ਵਿਚ ਪਾ ਕੇ ਬਾਂਹ ਤੋਂ ਹੇਠਾਂ ਵਾਰ ਇਕ ਪਾਸੇ ਕਰ ਲਓ ਤਾਂ ਪੂਰਾ ਆ ਜਾਂਦਾ ਏ। ਸੋ ਏਸ ਵੇਲੇ ਇਹ ਤਾਗੇ ਦੀਆਂ ਤਾਰਾਂ ਦੀ ਜਾਣੋਂ ਇਕ ਮਾਲਾ ਸੀ ਜੋ ਰਬੀ ਬਾਲਕੇ ਦੇ ਗਲ ਪਾਉਣੀ ਸੀ। ਜਦੋਂ ਪ੍ਰੋਹਿਤ ਇਹ ਜਨੇਊ ਚੁੱਕ ਕੇ ਆਪ ਜੀ ਦੇ ਗਲੇ ਪਾਉਣ ਲਗਾ ਤਾਂ ਹੱਥ ਉੱਚਾ ਕਰ ਕੇ ਤੇ ਰੋਕ ਕੇ ਪ੍ਰੋਹਿਤ ਨੂੰ ਬਾਲਕੇ ਜੀ ਨੇ ਆਖਿਆ : ਇਹ ਕੀ ਹੈ ਤੇ ਕਿਉਂ ਪਾਉਂਦੇ ਹੋ ?

ਪ੍ਰੋਹਿਤ ਬੋਲਿਆ:—ਭਲੇ ਸੋਹਣੇ ਬਰਖ਼ੁਰਦਾਰ ਜੀ ! ਇਹ ਯਗਜੋਪਵੀਤ ਹੈ, ਤੁਸੀਂ ਉੱਚ ਕੁਲ ਵੇਦੀ ਖਤ੍ਰੀ ਹੋ, ਇਹ ਪਹਿਰ ਕੇ ਤੁਸੀਂ ਦ੍ਵਿਜ ਹੋ ਜਾਓਗੇ। ਤੁਹਾਡਾ ਦੂਜਾ ਜਨਮ ਹੋ ਜਾਏਗਾ। ਦ੍ਵਿਜ ਲੋਕ ਉੱਚੇ ਹੁੰਦੇ ਹਨ, ਜੋ ਦ੍ਵਿਜ ਨਹੀਂ ਹਨ,ਉੱਚ ਕੁਲ ਖੱਤ੍ਰੀ ਨਹੀਂ ਹਨ, ਉਹ ਨੀਵੇਂ ਹੁੰਦੇ ਹਨ। 'ਨੀਵੇਂ ਹੁੰਦੇ ਹਨ' ਸੁਣ ਕੇ ਬਾਲਕੇ ਦੇ ਮੱਥੇ ਤੇ ਵੱਟ ਪਿਆ, ਪਰ ਫੇਰ ਖੁੱਲ੍ਹ ਗਿਆ ਤੇ ਪ੍ਰੋਹਿਤ ਤੋਂ ਪੁੱਛਣਾ ਕੀਤੀ :—ਇਹ ਤਾਂ ਗਲੇ ਪਾਇਆ ਮੈਲਾ ਹੋ ਜਾਏਗਾ ?

ਬ੍ਰਾਹਮਣ—ਫੇਰ ਧੋ ਲਿਆ।



www.AKJ.Org

ਗੁਰੂ ਜੀ ਬੋਲੇ—ਪੁਰਾਣਾ ਹੋ ਕੇ ਟੁੱਟ ਜਾਏਗਾ, ਫੇਰ ?

ਬ੍ਰਾਹਮਣ—ਹੋਰ ਮੁੱਲ ਲੈ ਕੇ ਗਲੇ ਪਾ ਲਿਆ ।

ਗੁਰੂ ਜੀ—ਐਸਾ ਜਨੇਊ ਤੁਸਾਂ ਪਾਸ ਨਹੀਂ ਹੈਗਾ, ਜੋ ਨਾ ਮੈਲਾ ਹੋਵੇ ਤੇ ਨਾ ਤੁੱਟੇ ?

ਬ੍ਰਾਹਮਣ—ਮੇਰੇ ਪਾਸ ਨਹੀਂ, ਪਰ ਹੇ ਅਨੋਖੇ ਬਾਲਕ, ਜੇ ਤੇਰੇ ਕੋਲ ਹੈ ਤਾਂ ਮੈਨੂੰ ਦੱਸ; ਤੇਰੇ ਚੋਜ ਅਨੋਖੇ ਹੀ ਹੁੰਦੇ ਹਨ ।

ਗੁਰੂ ਜੀ—ਕਿਸੇ ਨੂੰ ਮਾੜਾ ਨਾ ਜਾਣੋ, ਸਭਨਾਂ ਉਤੇ ਦਇਆ ਕਰੋ, ਇਹ ਤਾਂ ਹੋਵੇ ਕਪਾਹ, ਲਾਲਚ ਛੱਡ ਕੇ ਜੋ 'ਹੈ' ਉਸ ਵਿਚ ਖੁਸ਼ ਰਹੋ । ਪੰਡਿਤ ਜੀ ! ਜਿਸ ਨੂੰ ਤੁਸੀਂ ਸੰਤੋਖ ਆਖਦੇ ਹੋ ਉਸ ਦਾ ਕੱਤ ਲਓ ਸੂਤ, ਓਸ ਨੂੰ ਸਚ—ਸਚੋ ਸਚ—ਦੀਆਂ ਵੱਟਣਾਂ ਦਿਓ ਤੇ ਸੁੱਚ ਦੀਆਂ ਪਾਓ ਗੰਢਾਂ ਜੋ ਪਵਿਤ੍ਰ ਰਹੋ ! ਪੰਡਿਤ ਜੀ ! ਹੈਂ ? ਇਹ ਬਣਾ ਕੇ ਜਨੇਊ ਪਾਓ, ਇਹ ਨਾ ਟੁੱਟੇਗਾ, ਨਾ ਮੈਲਾ ਹੋਵੇਗਾ । ਫੇਰ ਪੰਡਿਤ ਜੀ ! ਜੇ ਤੁਸੀਂ ਮੇਰੇ ਪਰਮੇਸ਼ੁਰ ਦੇ ਘਰ ਵਿਚ ਜਨੇਊ ਸਣੇ ਜਾਣਾ ਚਾਹੁੰਦੇ ਹੋ ਤਾਂ ਨਾਲ ਓਸ ਮੇਰੇ ਰੱਬ ਦੀਆਂ ਸਿਫਤਾਂ ਕਰੋ, ਆਖੋ ਓਹ ਡਾਢਾ ਚੰਗਾ ਹੈ; ਤੇ ਓਸ ਦਾ ਨਾਮ, ਜੋ ਬੜਾ ਪਵਿਤ੍ਰ ਹੈ ਉਹ ਲਓ । ਤਦ ਉਹ ਜਨੇਊ, ਜੋ ਮੈਂ ਕਿਹਾ ਹੈ, ਸਿਫਤਾਂ ਸਲਾਹੁਤਾਂ ਨਾਲ ਸੱਚਾ ਜਨੇਊ ਬਣ ਜਾਏਗਾ ਤੇ ਪਜਾਰ ਨਾਲ ਨਾਮ ਲੈਣ ਨਾਲ ਉਹ ਜਨੇਊ ਤੇਰੀ ਪਤਿ ਰੱਬ ਦੀ ਦਰਗਾਹ ਵਿਚ ਬਣਾ ਦੇਵੇਗਾ । 'ਤੂੰ ਉੱਚੀ ਕੁਲ ਦਾ ਤੇ ਸਚ ਮੁਚ ਚੰਗਾ ਹੈਂ', ਇਹ ਗੱਲ ਰੱਬ ਮੇਰੇ ਦੇ ਦਰਬਾਰ ਵਿਚ ਤੈਨੂੰ ਮਿਲੇਗੀ ।

ਇਹ ਆਖ ਕੇ ਬਾਲਕੇ ਗੁਰੂ ਜੀ ਆਪਣੇ ਆਸਣ ਤੇ ਖੜੇ ਹੋ ਗਏ ਤੇ ਸਾਰੇ ਸਾਕਾਂ ਅੰਗਾਂ, ਬਾਹਮਣਾਂ ਸਜਣਾਂ ਵਲ, ਜੋ ਉਦਾਲੇ ਜੁੜੇ ਬੈਠੇ ਸਨ, ਤੱਕ ਕੇ ਬੋਲੇ:—ਇਹ ਕੀ ਜਨੇਊ ਪਾਉਂਦੇ ਹੋ ਜੋ ਬ੍ਰਾਹਮਣ ਸੂਤ ਤੋਂ ਵਟ ਲੈਂਦਾ ਹੈ, ਚਉਕੇ ਬੈਠ ਕੇ ਪਾ ਦੇਂਦਾ ਹੈ, ਇਹ ਤਾਗਾ ਪੁਰਾਣਾ ਹੋ ਕੇ ਟੁੱਟ ਪੈਂਦਾ ਹੈ, ਪ੍ਰੋਹਿਤ ਬੁੱਢਾ ਹੋ ਕੇ ਮਰ ਜਾਂਦਾ ਹੈ, ਕੰਨ ਵਿਚ ਜੋ ਕੁਛ ਪ੍ਰੋਹਿਤ ਆਖਦਾ ਹੈ ਉਸ ਦੀ ਸਮਝ ਨਹੀਂ ਪੈਂਦੀ, ਸੋ ਪੱਲੇ ਕੁਛ ਬੀ ਨਾ ਰਿਹਾ ਤੇ ਨਾਲ ਕੁਛ ਬੀ ਨਾ ਗਿਆ ।

ਫੇਰ ਪਾਉਂਦੇ ਹੋ ਜਨੇਊ ਜੋ ਉੱਚ ਕੁਲ ਬਣ ਜਾਓ, ਦ੍ਵਿਜ ਆਖਿਆ ਸਾ ਜੇ ? ਪਰ ਬਕਰੇ ਕੋਹ ਕੇ ਰਿੰਨ੍ਹ ਕੇ ਖਾਂਦੇ ਹੋ । ਫੇਰ ਵੇਖੋ ਇਹ ਜਨੇਊ ਗਲ ਵਿਚ ਪਾ ਕੇ ਝੂਠ ਬੋਲਦੇ ਹੋ, ਚੋਰੀਆਂ ਕਰਦੇ ਹੋ, ਲੋਕਾਂ ਨਾਲ ਬੁਰਾ ਵਰਤਾਉ ਕਰਦੇ ਹੋ, ਦਗੇ ਕਮਾਉਂਦੇ ਹੋ, ਨਾ ਸੱਚੇ ਰਹਿੰਦੇ ਹੋ, ਨਾ ਸੁੱਚੇ ਰਹਿੰਦੇ ਹੋ, ਮੈਲੇ ਮਾੜੇ ਕੰਮ ਕਰਦੇ ਹੋ । ਤੁਸੀਂ ਇਹ ਤਾਗਾ ਪਾ ਕੇ ਉੱਚੇ ਕੀਕੂੰ ਹੋਏ ਤੇ ਲੋਕ ਨੀਵੇਂ ਕਿਉਂ ਹੋਏ ? ਤੁਸੀਂ ਤਾਂ ਇਹ ਗਲੇ ਪਾ ਕੇ ਆਪਣੇ ਆਪ ਨੂੰ ਮਾੜੇ ਕੰਮਾਂ ਤੋਂ ਰੋਕਣਾ ਸੀ । ਤੁਸਾਂ ਦੇ ਹੱਥ ਕਿ ਪੈਰ ਕਿਸੇ ਨੂੰ ਦੁਖ ਨਾ ਦੇਂਦੇ, ਤੁਹਾਡੀਆਂ ਅੱਖਾਂ, ਪਜਾਰ ਨਾਲ ਵੇਖਦੀਆਂ, ਮਿੱਠੇ ਵਾਕ ਤੁਸੀਂ ਬੋਲਦੇ, ਤਾਂ ਤੁਸੀਂ ਉੱਚ ਹੁੰਦੇ ਤਾਂ ਜਾਣਦੇ ਕਿ ਤਾਗਾ ਜ਼ੋਰ ਵਾਲਾ ਹੈ ।

ਦੇਖੋ ਸਾਰੇ ਵਡੇ ਲੋਕੋ ! ਜਦੋਂ ਤੁਹਾਡੀ ਘਰੀਂ ਪ੍ਰੋਹਿਤ ਆ ਕੇ ਜਨੇਊ ਪਾਉਂਦੇ ਹਨ, ਕਦੇ ਤੁਸਾਂ ਉਸ ਨੂੰ ਡਿੱਠਾ ਹੈ ਕਿ ਓਹ ਜਨੇਊ ਨੂੰ ਸਫਲ ਕਰ ਰਿਹਾ ਏ ਕਿ ਅਫਲ ? ਕਿਉਂਕਿ ਆਪ ਤਾਂ ਮਾੜੇ ਕੰਮਾਂ ਤੋਂ ਹਟਦਾ ਨਹੀਂ ਤੇ ਲੋਕਾਂ ਨੂੰ ਸਿਖਜਾ ਦੇਂਦਾ ਤੇ ਰਾਹ ਦੱਸਦਾ ਹੈ । ਓਹ ਜਨੇਊ ਪਾਓ ਜੋ ਮੈਂ ਦੱਸਿਆ ਹੈ । ਇਹ ਨਾ ਪੁਰਾਣਾ ਹੋਊ ਨਾ ਸੜੂ । ਏਥੇ ਸੁਖੀ ਰਖੂ ਅਗੇ ਸੁਖੀ ਕਰੂ ।

ਹਰਦਿਆਲ ਭਲਾ ਲੋਕ ਸੀ, ਜਨਮ ਤੋਂ ਇਸ ਬਾਲਕੇ ਨੂੰ ਪਰਮੇਸ਼ੁਰ ਵਲੋਂ ਆਇਆ ਸਮਝਦਾ ਸੀ, ਅਜ ਇਹ ਹਰਿਆਨ ਕਰਨ ਵਾਲਾ ਸੱਚਾ ਉਪਦੇਸ਼ ਇਸ ਨਿੱਕੀ ਉਮਰਾ ਵਿਚ ਸੁਣ ਕੇ ਕਹਿਣ ਲੱਗਾ:—

ਤੂੰ ਧੰਨਜ ਹੈਂ, ਤੂੰ ਧੰਨਜ ਹੈਂ, ਤੂੰ ਧੁਰੋਂ ਆਇਆ ਹੈਂ, ਤੇਰੀ ਮਹਿਮਾ ਤੂੰਹੇਂ ਜਾਣਦਾ ਹੈਂ ।

ਹੋਰ ਸੁਣਨ ਵਾਲੇ ਬੀ ਹੱਕੇ ਬੱਕੇ ਹਰਿਆਨ ਹੋ ਗਏ ਕਿ ਇਸ ਬੱਚੇ ਦੀ ਉਮਰ ਮਸਾਂ ੧੧ ਵਰ੍ਹੇ ਦੀ ਹੋਸੀ, ਦੇਖੋ ਕੈਸੇ ਵਾਕ ਆਖੇ ਸੂ । ਹੋਵੇ ਨਾ ਤਾਂ ਇਹ ਕੋਈ ਔਤਾਰ ਆਇਆ ਹੈ; ਜੋ ਲੋਕਾਂ ਨੂੰ ਸੁਖ ਦੇਵੇਗਾ ਤੇ ਧਰਤੀ ਦਾ ਭਾਰ ਹਰੇਗਾ ।

['ਬਾਲਮ ਸਾਖੀਆਂ' 'ਚੋਂ ਧੰਨਵਾਦ ਸਹਿਤ


www.AKJ.Org

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਲਮ ਮਾਖੀਆਂ

[ਵਲੋਂ :—ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ]

## ੧੨. ਅੰਦਰ ਪੱਟ ਤੇ ਬਾਹਰ ਗੁਦੜ—

ਪਟ ਤਾਂ ਆਖਦੇ ਹਨ ਕੂਲੇ ਕੂਲੇ ਕਪੜੇ ਨੂੰ, ਜਿਸ ਨੂੰ ਰੇਸ਼ਮ ਬੀ ਆਖੀਦਾ ਹੈ ਅਤੇ ਗੁਦੜ ਕਹੀਦਾ ਹੈ ਲੀਰਾਂ ਕਤੀਰਾਂ ਨਾਲ ਬਣੇ ਹੋਏ ਜੁੱਲੇ ਕਿ ਗੋਦੜੇ ਨੂੰ । ਸੋ ਬਾਲਾ ਪ੍ਰੀਤਮ ਜੀ ਦੇ ਦਿਸਦੇ ਕੰਮ ਤਾਂ ਲਗਦੇ ਸਨ ਕਿ ਗੁਦੜ ਹਨ, ਪਰ ਵਿਚੋਂ ਓਹ ਰੇਸ਼ਮ ਵਾਙੂ ਕੂਲੇ ਤੇ ਪਯਾਰ ਨਾਲ ਨਰਮ ਨਰਮ ਦੂਜੇ ਦੇ ਭਲੇ ਦੇ ਕੰਮ ਦੇ ਹੁੰਦੇ ।

ਸੁਹਣੇ ਬਾਲਕੇ ਸ੍ਰੀ ਗੋਬਿੰਦ ਸਿੰਘ ਜੀ ਬੜੇ ਸ਼ਕਤੀ-ਮਾਨ ਸਨ, ਬੜੇ ਆਤਮ ਬਲ ਵਾਲੇ ਸਨ। ਸ਼ਕਤੀ ਆਖੀਦਾ ਹੈ ਜ਼ੋਰ ਨੂੰ, ਤਾਕਤ ਨੂੰ; ਬਲ ਬੀ ਆਖੀਦਾ ਹੈ ਜ਼ੋਰ ਨੂੰ ਤੇ ਆਤਮਾ ਆਖੀਦਾ ਹੈ ਦੇਹ ਦੇ ਅੰਦਰ ਵਸਦੀ ਜੀਉਂਦੀ ਜਾਨ ਨੂੰ । ਸੋ ਆਤਮ-ਬਲ ਦੇਹ ਦੇ ਬਲ ਨੂੰ ਨਹੀਂ ਆਖਦੇ ਜੋ ਪਹਿਲਵਾਨਾਂ ਤੇ ਜੋਧਿਆਂ ਵਿਚ ਹੁੰਦਾ ਹੈ। ਦੇਹ ਦੇ ਅੰਦਰ ਜੋ ਮਨ ਹੈ ਉਸ ਦੇ ਬਲ ਨੂੰ ਕਹੀਦਾ ਹੈ—ਆਤਮ ਬਲ । ਉਹ ਬਲ ਬਹੁਤ ਵੱਡਾ ਹੋਣ ਕਰਕੇ ਉਨ੍ਹਾਂ ਤੋਂ ਉਸ ਉਮਰੇ ਜੋ ਭਲੇ ਕੰਮ ਹੁੰਦੇ ਸਨ ਸਭ ਬਲ ਵਾਲੇ, ਚੋਜਾਂ ਵਾਲੇ ਤੇ ਜ਼ੋਰ ਵਾਲੇ ਹੁੰਦੇ ਸਨ । ਪਰ ਜੋ ਕੁਝ ਹੁੰਦਾ ਸੀ ਭਲੇ ਦਾ ਹੁੰਦਾ ਸੀ। ਜਿਹਾ ਕੁ ਪਿੱਛੇ ਦੱਸ ਆਏ ਹਾਂ ਤੇ ਅਗੇ ਚੱਲ ਕੇ ਹੋਰ ਦੱਸਾਂਗੇ । ਪਰ ਉਨ੍ਹਾਂ ਦੇ ਇਕ ਹੋਰ ਰੌਂ ਵੱਲ ਘੱਟ ਹੀ ਖਯਾਲ ਗਿਆ ਹੈ । ਆਪ ਕਦੇ ਕਦੇ ਚੁਪ ਲੇਟ ਜਾਂਦੇ, ਇਕ ਦੋ ਦਿਨ ਨਾ ਕੂੰਦੇ ਨਾ ਸਹਿੰਦੇ ਬੋਲਦੇ, ਜਾਪਦਾ ਕਿ ਸੁੱਤੇ ਪਏ ਹਨ, ਪਰ ਨੀਂਦਰ ਘੜੀ ਪਲ ਪਹਿਰ ਰਾਤ ਭਰ ਹੋਈ । ਦੋ ਦੋ ਦਿਨ ਇਸ ਤਰ੍ਹਾਂ ਬੀਤਦੇ। ਹੋਰ ਤਾਂ ਘਾਬਰਦੇ, ਪਰ ਦਾਦੀ ਜੀ ਤੇ ਮਾਮਾ ਜੀ ਨਾ ਸੇ ਘਾਬਰਦੇ। ਓਹ ਸਿਆਣਦੇ ਸਨ ਕਿ ਇਨ੍ਹਾਂ ਦੇ ਅੰਦਰੋਂ ਸੁਰਤ ਸਾਈਂ ਦੇ ਚਰਨਾਂ ਵਿਚ ਪ੍ਰੋਤੀ ਰਹਿੰਦੀ ਹੈ† । ਕਿਸੇ ਵੇਲੇ ਆਪ ਜੀ ਉਸ ਅੰਦਰਲੀ ਖਿੱਚ ਵਿਚ ਮਗਨ ਹੋ ਜਾਂਦੇ ਸਨ । ਏਹ ਸੁੱਤੇ ਹੋਏ ਨਹੀਂ ਸਨ ਹੁੰਦੇ, ਏਹ ਆਪਣੇ ਰਬ ਬਾਬਲ ਦੇ ਪਯਾਰ ਵਿਚ ਉਸ ਦੇ ਧਯਾਨ ਵਿਚ ਐਉਂ ਹੋ ਜਾਂਦੇ ਸਨ, ਜਿਵੇਂ ਕਿ ਕਿਸੇ ਮਸਤੀ ਵਿਚ ਕਿ ਨੀਂਦ ਵਿਚ ਹਨ । ਇਸ ਗੱਲ ਨੂੰ ਸਿਆਣੇ ਲੋਕੀ ਸਮਾਧੀ ਆਖਦੇ ਹਨ । ਇਹ ਨੀਂਦਰ ਨਹੀਂ ਹੁੰਦੀ, ਮਨ ਪਰਮੇਸ਼ੁਰ ਵਿਚ ਲਗਾ ਹੁੰਦਾ ਹੈ।

ਫੇਰ ਵੇਖੋ ਇਸ ਛੋਟੀ ਉਮਰੇ ਕੀਰਤਨ ਦੇ ਕਿੰਨੇ ਪ੍ਰੇਮੀ ਸਨ । ਸਵੇਰੇ ਦੀਵਾਨ ਵਿਚ ਜਾ ਬੈਠਦੇ। ਸੋਦਰ ਰਹੁਰਾਸ ਦੇ ਦੀਵਾਨ ਜ਼ਰੂਰ ਪਹੁੰਚਦੇ । ਮੈਣੀ ਦੇ ਘਰ ਬੀ ਕੀਰਤਨ ਹੋਣ ਲੱਗ ਪਿਆ । ਜਿਸ ਕਿਸ਼ਤੀ ਵਿਚ ਸੈਰਾਂ ਕਰਦੇ ਓਥੇ ਕਈ ਵੇਰ ਸ਼ਬਦ ਕੀਰਤਨ ਹੁੰਦਾ। ਬਾਗ ਵਿਚ ਜਾ ਸ਼ਬਦ ਕੀਰਤਨ ਦਾ ਦੀਵਾਨ ਕਈ ਵੇਰ ਲੁਆ ਕੇ ਖੁਸ਼ ਹੁੰਦੇ।

ਜਿਨ੍ਹਾਂ ਬਾਲਕਿਆਂ ਨੂੰ ਕਵੈਦਾਂ ਸਿਖਾਉਂਦੇ ਸਨ ਕਿ ਮਾਨੋ ਨਿੱਕੇ ਨਿੱਕੇ ਸਿਪਾਹੀ ਹਨ ਅਤੇ ਜਿਨ੍ਹਾਂ ਨੂੰ ਪੰਗਤਾਂ ਲੁਆ ਲੁਆ ਕੇ ਪੂਰੀਆਂ ਛੋਲੇ, ਭੋਜਨ ਮਿਠਾਈਆਂ ਖੁਆਲਦੇ, ਉਹਨਾਂ ਸਾਰਿਆਂ ਨੂੰ ਕੀਰਤਨ ਵਿਚ ਬੈਠਣਾ ਬੀ ਸਿਖਾਲਦੇ ।

ਫੇਰ ਦੇਖੋ ਗੱਲਾਂ ਐਸੀਆਂ ਕਰਦੇ ਜੋ ਖਰੂਦ ਵਰਗੀਆਂ ਲਗਦੀਆਂ; ਉਹ ਬੀ ਅਸਲ ਵਿਚ ਪੁੰਨ ਦਾਨ ਦੂਸਰੇ ਦਾ ਭਲਾ ਕਰਦੇ ਸਨ । ਜਿਵੇਂ ਛੇੜ-ਖਾਨੀਆਂ ਕਰਦੇ ਸਨ, ਉਹ ਮਾਤਾ ਜੀ ਹਥੀਂ ਦਾਨ ਕਰਵਾਉਂਦੇ ਸਨ । ਛੇੜਖਾਨੀਆਂ ਨਾਲ ਲੋੜਵੰਦਾਂ ਨੂੰ ਆਪਣੀ ਮਾਤਾ ਦਾ ਦਾਨ ਪਾਤ੍ਰ ਬਣਾਉਂਦੇ। ਦਾਨ ਪਾਤ੍ਰ ਆਖਦੇ ਹਨ ਦਾਨ ਦਾ ਭਾਂਡਾ, ਉਸ ਦਾ ਮਤਲਬ ਹੁੰਦਾ ਹੈ ਜਿਸ ਨੂੰ ਦਾਨ ਲੈਣ ਵਾਲਾ ਬਣਾ ਦਿੱਤਾ ਜਾਵੇ ।

ਪਰ ਕਈ ਵੇਰ ਚੁਪ ਚੁਪਾਤੇ ਆਪਣੇ ਪਾਸ ਜੋ ਹੁੰਦਾ ਰੀਝ ਕੇ ਲੋਕਾਂ ਨੂੰ ਦੇ ਦੇਂਦੇ । ਅਕਸਰ ਸੇਠਾਣੀਆਂ, ਸ਼ਾਹੂਕਾਰ, ਵਪਾਰੀ ਆਪ ਦੇ ਜੇਬਾਂ ਵਿਚ ਕੁਛ ਰੁਪੈ ਪਾ ਦੇਂਦੇ ਸਨ ਜੋ ਆਪ ਮੌਜਾਂ ਨਾਲ ਗਰੀਬਾਂ ਨੂੰ ਵੰਡ ਦੇਂਦੇ । ਜਿਥੇ ਤਰਸ ਆ ਗਿਆ ਓਥੇ ਹੀ ਜੇਬ ਡੋਹਲ ਦੇਂਦੇ ਸਨ । ['ਬਾਲਮ ਸਾਖੀਆਂ' 'ਚੋਂ ਧੰਨਵਾਦ ਸਹਿਤ

†ਵਡੇ ਹੋ ਕੇ ਬਾਲਾ ਪ੍ਰੀਤਮ ਜੀ ਨੇ ਜਦ ਕਲਮ ਫੜੀ ਅਰਥਾਤ ਲਿਖਣ ਲਗ ਪਏ ਤਾਂ ਲਿਖਯਾ ਸਾਨੇ ਕਿ ਮੈਨੂੰ ਰੱਬ ਜੀ ਨੇ ਦੁਨੀਆਂ ਵਿਚ ਘੱਲ ਦਿਤਾ ਕੰਮ ਕਰਨ ਲਈ, ਪਰ ਮੇਰੀ ਸੁਰਤ ਉਸ ਸੁਹਣੇ ਰੱਬ ਜੀ ਵਿਚ ਪ੍ਰੋਤੀ ਹੋਈ ਆਈ ਹੈ ਤੇ ਪ੍ਰੋਤੀ ਹੀ ਰਹਿੰਦੀ ਹੈ । ਯਥਾ:—ਚੁਭੀ ਰਹੀ ਸ੍ਰੁਤ ਪ੍ਰਭ ਚਰਨਨ ਮਹਿ ।'

www.AKJ.org

# ਸਿਖਾਂ ਦੀਆਂ ਫ਼ਿਲਮਾਂ ਤੇ ਨਿਹੰਗ ਸਿੰਘ

ਫ਼ਿਲਮ 'ਸਵਾ ਲਾਖ ਸੇ ਏਕ ਲੜਾਊਂ' ਦੋ ਤਿੰਨ ਸ਼ਹਿਰਾਂ ਵਿਚ ਹੀ ਚਲੀ ਕਿ ਨਿਹੰਗ ਸਿੰਘਾਂ ਦੀ ਅਣਖ ਜਾਗ ਉਠੀ ਤੇ ਉਹਨਾਂ ਨੇ ਫ਼ਿਲਮ ਬੰਦ ਕਰਵਾ ਦਿਤੀ। ਚਾਰ ਨਿਹੰਗ ਸਿੰਘਾਂ ਨੂੰ ਪਿੰਜਰੇ ਵਿਚ ਬੰਦ ਕਰ ਦਿਤਾ ਜਿਨ੍ਹਾਂ ਨੇ ਨਿਹੰਗ ਸਿੰਘਾਂ ਦੇ ਜਥੇਦਾਰ ਅਨੁਸਾਰ—ਰੁਪੈ ਲੈ ਕੇ ਫ਼ਿਲਮ ਚਲਣ ਦਿਤੀ ਸੀ। ਪਿਛੋਂ ਉਹਨਾਂ ਨੇ ਮਾਫ਼ੀ ਮੰਗ ਲਈ ਤੇ ਰੁਪੈ ਨਿਹੰਗ ਸਿੰਘਾਂ ਦੇ ਖ਼ਜ਼ਾਨੇ ਵਿਚ ਜਮ੍ਹਾ ਕਰਵਾ ਦੇਣ ਦਾ ਵਚਨ ਦਿਤਾ ਤਾਂ ਜਾ ਕੇ ਉਹਨਾਂ ਦੀ ਬੰਦ ਖ਼ਲਾਸੀ ਹੋਈ।

ਇਸ ਵਿਚ ਕੋਈ ਸੰਦੇਹ ਨਹੀਂ ਕਿ ਜੇ ਨਿਹੰਗ ਸਿੰਘ ਉਪਰਾਲਾ ਨਾ ਕਰਦੇ ਤਾਂ ਇਹ ਫ਼ਿਲਮ ਸਾਰੇ ਸ਼ਹਿਰਾਂ ਵਿਚ ਚਲਣੀ ਸੀ ਅਤੇ ਦਾਰਾ ਸਿੰਘ ਦੀਆਂ ਲਹਿਰਾਂ ਬਹਿਰਾਂ ਹੋ ਜਾਣੀਆਂ ਸਨ। ਨਿਹੰਗ ਸਿੰਘਾਂ ਦੀ ਇਸ ਕਾਰਵਾਈ ਨਾਲ ਫ਼ਿਲਮ ਨਿਰਮਾਤਾਵਾਂ ਦੇ ਹੌਸਲੇ ਠੰਡੇ ਪੈ ਗਏ ਨੇ। ਪਰ ਅਜੇ ਉਹ ਮੌਕੇ ਦੀ ਤਾੜ ਵਿਚ ਹਨ।

ਫ਼ਿਲਮ 'ਨਾਨਕ ਨਾਮ ਜਹਾਜ ਹੈ' ਦੀ ਸ਼ੂਟਿੰਗ ਤੋਂ ਪਹਿਲਾਂ ਹੀ ਅਸਾਂ ਇਕ ਪੈਂਫਲਿਟ ਕਢ ਕੇ ਸੰਗਤਾਂ ਨੂੰ ਸੁਚੇਤ ਕੀਤਾ ਸੀ ਕਿ ਇਹ ਫ਼ਿਲਮ ਬਣ ਜਣ ਨਾਲ, ਸਿਖ ਇਤਿਹਾਸ ਫ਼ਿਲਮ-ਸਾਜ਼ਾਂ ਦੇ ਹੱਥ ਆ ਜਾਏਗਾ ਤੇ ਉਹ ਇਸ ਨੂੰ ਤੋੜ ਮਰੋੜ ਕੇ, ਆਪਣੇ ਸੁਆਰਥ ਵਾਸਤੇ ਸਿਖਾਂ ਦੀਆਂ ਫ਼ਿਲਮਾਂ ਬਨਾਣਗੇ, ਜਿਸ ਨਾਲ ਸਿਖ ਸਰੂਪ ਤੇ ਸਿਖ ਇਤਿਹਾਸ ਦੀ ਪਵਿ-ਤਰਤਾ ਕਾਇਮ ਨਹੀਂ ਰਹਿ ਸਕੇਗੀ। ਪਰ ਸਾਡੀ ਅਵਾਜ਼ ਦਾ ਅੰਨ੍ਹੇ ਤੇ ਬੋਲੇ ਆਗੂਆਂ ਉਤੇ ਕੋਈ ਅਸਰ ਨਾ ਹੋਇਆ।

ਇਸੇ ਮੰਤਵ ਲਈ ਅਸਾਂ 'ਗੁਰਮਤਿ ਵਿਚਾਰ ਪੱਤ੍ਰਕਾ' ਅਖ਼ਬਾਰ ਕਢੀ ਤੇ ਸਿਖਾਂ ਦੀਆਂ ਫਿਲਮਾਂ ਬਨਾਣ ਦੇ ਵਿਰੁਧ ਲਗਾਤਾਰ ਢੰਡੋਰਾ ਦੇਂਦੇ ਰਹੇ, ਪਰ ਬਹੁਤ ਘਟ ਲੋਕਾਂ ਨੇ ਇਧਰ ਤਵੱਜਾ ਦਿਤੀ ਤੇ ਕਈ ਹੋਰ ਫ਼ਿਲਮਾਂ ਗੁਰਬਾਣੀ ਦੀਆਂ ਤੁਕਾਂ ਦੇ ਅਧਾਰ ਤੇ ਚਲ ਨਿਕਲੀਆਂ। ਕਈ ਫ਼ਿਲਮਾਂ ਵਿਚ ਸਿਖ ਸਰੂਪ ਦਾ ਮਖ਼ੌਲ ਉਡਾਇਆ ਗਿਆ ਤੇ ਕਈ ਪਿਕਚਰਾਂ ਵਿਚ ਸਿਖ ਨੂੰ ਗੰਦੀ ਭਾਵਨਾ ਨਾਲ ਪੇਸ਼ ਕੀਤਾ ਜਾਂਦਾਰਿਹਾ।

ਇਸ ਵਿਚ ਕੋਈ ਸ਼ੱਕ ਨਹੀਂ ਕਿ 'ਗੁਰਮਤਿ ਵਿਚਾਰ ਪੱਤ੍ਰਕਾ' ਦੇ ਪਰਚਾਰ ਨਾਲ ਸੰਗਤਾਂ ਨੂੰ ਇਸ ਗੱਲ ਦਾ ਅਹਿਸਾਸ ਜ਼ਰੂਰ ਹੋ ਗਿਆ ਕਿ ਸਿਖਾਂ ਦੀਆਂ ਫ਼ਿਲਮਾਂ ਬਨਣ ਨਾਲ ਇਕ ਗ਼ਲਤ ਪ੍ਰਪਾਟੀ ਚਲ ਪਈ ਹੈ। ਪਰ ਕਿਸੇ ਨੇ ਜਥੇਬੰਦ ਹੋ ਕੇ ਵਿਰੋਧਤਾ ਨਹੀਂ ਕੀਤੀ। ਅੰਦਰੋ ਅੰਦਰ ਜ਼ਰੂਰ ਵਿਰੋਧਤਾ ਹੋਣੀ ਸ਼ੁਰੂ ਹੋ ਗਈ।

ਚੰਗਾ ਹੁੰਦਾ, ਨਿਹੰਗ ਸਿੰਘ ਕੇਵਲ ਆਪਣੇ ਪਹਿਰਾਵੇ ਅਤੇ ਦੁਮਾਲੇ ਦੀ ਨਕਲ-ਸਾਜ਼ੀ ਵਿਰੁਧ ਨਹੀਂ ਸਗੋਂ ਸਿਖੀ ਸਰੂਪ ਦੀ ਨਕਲ ਦੀ ਜੋ ਸ਼ਰਾਬੀ, ਕਬਾਬੀ ਤੇ ਸਿਗਰਟਨੋਸ਼ ਐਕਟ੍ਰਾਂ ਨੇ ਉਤਾਰੀ, ਦਰਬਾਰ ਸਾਹਿਬ ਦੀਆਂ ਪ੍ਰਕਰਮਾਂ ਵਿਚ ਸ੍ਰੀ ਗੁਰੂ ਗਰੇਥ ਸਾਹਿਬ ਦੀ ਹਜ਼ੂਰੀ ਵਿਚ ਰਚਾਏ ਨਕਲੀ ਵਿਆਹ ਵਿਰੁਧ ਉਸ ਸਮੇਂ ਉਠ ਖਲੋਂਦੇ ਤਾਂ ਅਜ ਦਾਰਾ ਸਿੰਘ ਨੂੰ ਅਜਿਹੀ ਫ਼ਿਲਮ ਬਨਾਣ ਦੀ ਕਦੇ ਵੀ ਜੁਰਅਤ ਨਾ ਪੈਂਦੀ। ਸਾਨੂੰ ਸਹੇ ਦੀ ਨਹੀਂ ਪਹੇ ਦੀ ਚਿੰਤਾ ਸੀ, ਜੋ ਸਿਖ ਆਗੂਆਂ ਦੀ ਸੁਆਰਥ ਨੀਤੀ ਕਾਰਨ ਪੈ ਚੁਕਾ ਹੈ ਤੇ ਫ਼ਿਲਮ ਕੰਪਨੀਆਂ ਨੇ ਸਿਖ ਇਤਿਹਾਸ ਨਾਲ ਖੇਡਣਾ ਸ਼ੁਰੂ ਕਰ ਦਿਤਾ ਹੈ।

ਹੁਣ ਭੀ ਸਮਾ ਹੈ ਕਿ ਨਿਹੰਗ ਸਿੰਘ ਅਤੇ ਸੰਗਤਾਂ, ਇਸ ਪ੍ਰਪਾਟੀ ਨੂੰ ਬੰਦ ਕਰਨ ਲਈ ਤਤਪਰ ਹੋ ਜਾਣ। ਡੁਲ੍ਹੇ ਬੇਰ ਅਜੇ ਸਾਂਭੇ ਜਾ ਸਕਦੇ ਹਨ ਤੇ ਹੋਰ ਡੁਲ੍ਹਣੋਂ ਬਚਾਏ ਜਾ ਸਕਦੇ ਹਨ।

ਨਿਹੰਗ ਸਿੰਘਾਂ ਨੂੰ ਕੇਵਲ ਆਪਣੇ ਪਹਿਰਾਵੇ ਦੀ ਨਕਲ ਉਤਾਰਨ ਤੇ ਕਿਉਂ ਇਤਰਾਜ਼ ਹੈ? ਸਿਖੀ ਸਰੂਪ, ਜੋ ਦਸਮੇਸ਼ ਜੀ ਦਾ ਰੂਪ ਹੈ, ਦੀ ਨਕਲ ਉਤਾਰਨ ਤੇ ਕਿਉਂ ਇਤਰਾਜ਼ ਨਹੀਂ? ਨਿਹੰਗ ਸਿੰਘਾਂ ਨੂੰ ਇਹ ਮਾਮਲਾ ਆਪਣੇ ਹੱਥ ਵਿਚ ਲੈ ਕੇ ਸਿਖ ਲੀਡਰਾਂ ਅਤੇ ਸਿਖ ਫ਼ਿਲਮਾਂ ਦੇ ਸਮਰਥਕਾਂ ਦੀ ਸੁਧਾਈ ਕਰਨੀ ਚਾਹੀਦੀ ਹੈ। ਅਜਿਹਾ ਕਰਨ ਨਾਲ ਹੀ ਨਿਹੰਗ ਸਿੰਘਾਂ ਦਾ ਬਾਣਾ ਸੁਰਖਿਅਤ ਰਹਿ ਸਕੇਗਾ। ਨਹੀਂ ਤੇ ਕਲ ਹੋਰ ਕੋਈ ਦਾਰਾ ਸਿੰਘ ਭੀ ਪੈਦਾ ਹੋ ਸਕਦਾ ਹੈ।

[ਗੁਰਮਤ ਵਿਚਾਰ ਪੱਤ੍ਰਕਾ, 15.2.77

www.AKJ.Org

# ਜਾਪੁ ਸਾਹਿਬ–ਕਾਵਿ ਅਨੁਵਾਦ

[ਵਲੋਂ :—ਜੇ. ਪੀ. ਸੰਗਤ ਸਿੰਘ ਜੀ, 75/3 ਮੁਲੰਡ ਕਾਲੋਨੀ, ਬੰਬਈ–82]

## ਸਰਬ ਵਿਆਪਕ–ਪ੍ਰਭੂ

### ਤੇਰਾ ਜੋਰ ਚਾਚਰੀ ਛੰਦ ॥

**ਮੂਲ ਪਾਠ**–ਜਲੇ ਹੈਂ ॥ ਥਲੇ ਹੈਂ ॥ ਅਭੀਤ ਹੈਂ ॥ ਅਭੇ ਹੈਂ ॥੬੨॥

**ਸ਼ਬਦਾਰਥ**–ਜਲੇ=ਜਲ ਦੇ ਅੰਦਰ। ਥਲੇ=ਧਰਤੀ ਉਪਰ ਵੀ। ਅਭੀਤ=ਨਿਰਭਉ, ਨਿਡਰ। ਅਭੇ=ਜਿਸ ਦਾ ਭੇਦ ਨਾ ਪਾਇਆ ਜਾ ਸਕੇ।

**ਭਾਵਾਰਥ**–ਕੀ ਜਲ ਅਥਵਾ ਸਮੁੰਦਰਾਂ ਵਿਚ ਤੇ ਕੀ ਥਲ ਅਥਵਾ ਧਰਤੀ ਉਤੇ, ਹਰ ਥਾਂ ਤੂੰ ਵਿਆਪਕ ਏਂ ਮੌਜੂਦ ਹੈਂ। ਤੈਨੂੰ ਕਿਸੇ ਦਾ ਡਰ ਨਹੀਂ ਹੈ, ਤੇਰਾ ਭੇਦ ਨਹੀਂ ਪਾਇਆ ਜਾ ਸਕਦਾ।

**ਕਾਵਿ ਭਾਵਾਰਥ**–

ਜਲ ਦੇ ਅੰਦਰ ਵੀ ਤੂੰ ਹੈਂ ਮੌਜੂਦ ਹਰਦਮ, ਹਾਜ਼ਰ ਥਲਾਂ ਵਿਚ ਵੀ ਤੂੰ ਮੇਰੇ ਪ੍ਰੀਤਮ!
ਤੈਨੂੰ ਕੋਈ ਵੀ ਨਹੀਂ ਡਰਾ ਸਕਦਾ, ਮਿਲੇ ਭੇਦ ਨਾ ਤੇਰਾ ਅਭੇ ਪ੍ਰੀਤਮ!

**ਮੂਲ ਪਾਠ**–ਪ੍ਰਭੂ ਹੈਂ ॥ ਅਜੂ ਹੈਂ ॥ ਅਦੇਸ ਹੈਂ ॥ ਅਭੇਸ ਹੈਂ ॥੬੩॥

**ਸ਼ਬਦਾਰਥ**–ਪ੍ਰਭੂ=ਮਾਲਕ, ਸੁਆਮੀ। ਅਜੂ=ਅ+ਜੂ=ਅਚਲ, ਸਥਿਰ। ਅਦੇਸ=ਦੇਸ ਰਹਿਤ, ਦੇਸਾਂ ਦੀ ਸੀਮਾਂ ਤੋਂ ਮੁਕਤ। ਅਭੇਸ=ਭੇਸ ਰਹਿਤ।

**ਭਾਵਾਰਥ**–ਪ੍ਰਭੂ ਜੀ, ਤੂੰ ਹੀ ਸਭ ਦਾ ਸੁਆਮੀ ਹੈਂ, ਅਚਲ ਹੈਂ, ਸਥਿਰ ਹੈਂ। ਦੇਸ ਦੀਆਂ ਵਲਗਣਾਂ ਤੋਂ ਮੁਕਤ ਹੈਂ, ਭਾਵ ਸਭ ਦਾ ਹੀ ਹੈਂ, ਤੇਰਾ ਕੋਈ ਖ਼ਾਸ ਭੇਸ ਨਹੀਂ ਹੈ।

**ਕਾਵਿ ਭਾਵਾਰਥ**–

ਸਭ ਦਾ ਮਾਲਕ ਸੁਆਮੀ ਹੈਂ ਤੂੰ ਹੀ ਦਾਤਾ, ਤੇ ਅਚਲ ਹੈਂ ਮੇਰੇ ਅਜੂ ਪ੍ਰੀਤਮ!
ਕੋਈ ਵੀ ਖ਼ਾਸ ਵਿਸ਼ੇਸ਼ ਨਹੀਂ ਦੇਸ ਤੇਰਾ, ਨਾ ਹੀ ਭੇਸ, ਅਭੇਸ ਹੈਂ ਤੂੰ ਪ੍ਰੀਤਮ!

## ਪਾਪ ਖੰਡਨ–ਪ੍ਰਭੂ

### ਭੁਜੰਗ ਪ੍ਰਯਾਤ ਛੰਦ

**ਮੂਲ ਪਾਠ**–ਅਗਾਧੇ ਅਬਾਧੇ ॥ ਅਨੰਦੀ ਸਰੂਪੇ ॥ ਨਮੋ ਸਰਬ ਮਾਨੇ ॥ ਸਮਸਤੀ ਨਿਧਾਨੇ ॥੬੪॥

**ਸ਼ਬਦਾਰਥ**–ਅਗਾਧ=ਅਥਾਹ। ਅਬਾਧ=ਅ+ਬਾਧ। ਬਾਧ=ਬਾਧਾ, ਰੋਕ। ਅਬਾਧ=ਜਿਸ ਦੇ ਰਾਹ ਵਿਚ ਕੋਈ ਬਾਧਾ ਜਾਂ ਰੋਕ ਨਾ ਹੋਵੇ। ਸਰਬ ਮਾਨ=ਸਭ ਜੀਵਾਂ ਲਈ ਮਾਨਯੋਗ। ਸਮਸਤੀ=ਸਰਬਤ ਗੁਣਾਂ ਪਦਾਰਥਾਂ ਦਾ।

**ਭਾਵਾਰਥ**–ਦਾਤਾਰ ਪਿਤਾ, ਤੂੰ ਅਥਾਹ ਹੈਂ, ਤੈਨੂੰ ਕੋਈ ਰੋਕ ਨਹੀਂ ਸਕਦਾ, ਤੂੰ ਅਨੰਦ ਸਰੂਪ ਹੈਂ, ਹਰ ਇਕ ਜੀਵ ਦਾ ਪੂਜਣ ਯੋਗ ਹੈਂ ਅਤੇ ਸਰਬਤ੍ਰ ਗੁਣਾਂ ਤੇ ਪਦਾਰਥਾਂ ਦਾ ਮਹਾਨ ਭੰਡਾਰ ਹੈਂ, ਤੈਨੂੰ ਨਮਸਕਾਰ ਹੈ।

**ਕਾਵਿ ਭਾਵਾਰਥ**–

ਤੂੰ ਅਗਾਧ ਦਾਤਾ, ਤੇਰੀ ਥਾਹ ਕੋਈ ਨਹੀਂ, ਕੋਈ ਨਾ ਰੋਕ ਸਕਦਾ, ਤੈਨੂੰ ਬੰਨ੍ਹ ਸਕਦਾ।
ਤੂੰ ਹੈਂ ਸਦਾ ਅਨੰਦ-ਸਰੂਪ ਦਾਤਾ, ਵੰਡਦਾ ਫਿਰੇਂ ਅਨੰਦ, ਅਨੰਦ ਕਰਦਾ।
ਨਮਸਕਾਰ ਤੈਨੂੰ, ਤੇਰਾ ਮਾਣ ਕਰਦੈ, ਹਰ ਇਕ ਜੀਵ ਜੰਤੂ ਤੇ ਜਹਾਨ ਸਾਰਾ।
 ਸਰਬ ਗੁਣਾਂ ਦਾ ਤੂੰ ਹੈਂ ਭੰਡਾਰ ਸੁਆਮੀ, ਹਰ ਪਦਾਰਥ ਦਾ ਤੂੰ ਹੈਂ ਨਿਧਾਨ ਭਾਰਾ।

www.AKJ.Org

ਮੂਲ ਪਾਠ–ਨਮਸਤ੍ਵੰ ਨ੍ਰਿਨਾਥੇ ॥ ਨਮਸਤ੍ਵੰ ਪ੍ਰਮਾਥੇ ॥ ਨਮਸਤ੍ਵੰ ਅਗੰਜੇ ॥ ਨਮਸਤ੍ਵੰ ਅਭੰਜੇ ॥੬੫॥

**ਸ਼ਬਦਾਰਥ**–ਨਮਸਤ੍ਵੰ = ਨਮਸ + ਤ੍ਵੰ = ਤੈਨੂੰ ਨਮਸਕਾਰ ਹੈ। ਨ੍ਰਿਨਾਥ = ਜਿਸਦਾ ਨਾਥ ਅਥਵਾ ਸੁਆਮੀ ਮਾਲਕ ਕੋਈ ਨਾ ਹੋਵੇ। ਪ੍ਰਮਾਥ = ਸਭ ਦਾ ਨਾਸ ਕਰਨ ਵਾਲਾ। ਅਗੰਜ = ਅਜਿਤ। ਅਭੰਜ = ਜਿਹੜਾ ਤੋੜਿਆ ਨਾ ਜਾ ਸਕੇ।

**ਭਾਵਾਰਥ**–ਹੇ ਮੇਰੇ ਦਾਤਾਰ ਪਿਤਾ, ਤੇਰਾ ਕੋਈ ਨਾਥ, ਸੁਆਮੀ ਨਹੀਂ ਹੈ, ਤੂੰ ਆਪ ਹੀ ਸਭ ਦਾ ਮਾਲਕ ਹੈਂ, ਸੁਆਮੀ ਹੈਂ, ਤੂੰ ਹੀ ਸਭ ਦਾ ਨਾਸ ਕਰਨਹਾਰ ਹੈਂ। ਤੈਨੂੰ ਕੋਈ ਜਿੱਤ ਨਹੀਂ ਸਕਦਾ, ਤੈਨੂੰ ਕੋਈ ਤੋੜ ਨਹੀਂ ਸਕਦਾ।

**ਕਾਵਿ ਭਾਵਾਰਥ**–

ਹੇ ਨ੍ਰਿਨਾਥ ! ਨਾ ਤੇਰਾ ਹੈ ਨਾਥ ਕੋਈ, ਤੂੰ ਸਰਬਸਯ ਸੁਆਮੀ, ਨਮਸਕਾਰ ਤੈਨੂੰ।
ਹੇ ਪ੍ਰਮਾਥ ! ਸਭ ਦਾ ਨਾਸ ਕਰਨਹਾਰੇ, ਮੇਰੀ ਨਮੋ ਤੈਨੂੰ, ਨਮਸਕਾਰ ਤੈਨੂੰ।
ਨਮਸਕਾਰ ਮੇਰੀ, ਤੈਨੂੰ ਮੇਰੇ ਸੁਆਮੀ, ਜਿਤਿਆ ਜਾ ਨਾ ਸਕੇਂ, ਅਗੰਜ ਹੈਂ ਤੂੰ।
ਤੈਨੂੰ ਕਦੇ ਵੀ ਕੋਈ ਨਹੀਂ ਤੋੜ ਸਕਦਾ, ਤੂੰ ਸਦੀਵ ਸੁਆਮੀ ਤੇ ਅਭੰਜ ਹੈਂ ਤੂੰ।

ਮੂਲ ਪਾਠ–ਨਮਸਤ੍ਵੰ ਅਕਾਲੇ ॥ ਨਮਸਤ੍ਵੰ ਅਪਾਲੇ ॥ ਨਮੋ ਸਰਬ ਦੇਸੇ ॥ ਨਮੋ ਸਰਬ ਭੇਸੇ ॥੬੬॥

**ਸ਼ਬਦਾਰਥ**–ਅਕਾਲ = ਕਾਲ ਤੋਂ ਮੁਕਤ। ਅਪਾਲ = ਜਿਸ ਨੂੰ ਕਿਸੇ ਦੀ ਰਖਿਆ ਦੀ ਲੋੜ ਨਾ ਹੋਵੇ।

**ਭਾਵਾਰਥ**–ਪ੍ਰਭੂ, ਤੈਨੂੰ ਕਾਲ ਜਾਂ ਮੌਤ ਪੋਹ ਨਹੀਂ ਸਕਦੀ, ਤੈਨੂੰ ਕਿਸੇ ਪਾਸੋਂ ਰਖਿਆ ਦੀ ਕੋਈ ਲੋੜ ਨਹੀਂ, ਤੂੰ ਹਰ ਇਕ ਦੇਸ ਵਿਚ ਹਾਜ਼ਰ ਹੈਂ, ਭਾਵ ਸਰਬ ਵਿਆਪਕ ਹੈਂ ਅਤੇ ਹਰ ਇਕ ਭੇਸ ਵਿਚ ਤੂੰ ਉਪਸਥਿਤ ਹੈਂ, ਮੌਜੂਦ ਹੈਂ।

**ਕਾਵਿ ਭਾਵਾਰਥ**–

ਤੂੰ ਹੈਂ ਮਰਨ ਤੋਂ ਸਦਾ ਹੀ ਮੁਕਤ ਸੁਆਮੀ, ਤੂੰ ਨਹੀਂ ਮਰ ਸਕਦਾ, ਹੇ ਅਕਾਲ ਪ੍ਰੀਤਮ !
ਤੈਨੂੰ ਕਿਸੇ ਤੋਂ ਰਖਿਆ ਦੀ ਲੋੜ ਨਹੀਂ ਹੈ, ਨਾ ਹੀ ਪਾਲਕ ਦੀ ਲੋੜ, ਅਪਾਲ ਪ੍ਰੀਤਮ !
ਹਰ ਇਕ ਥਾਂ ਤੇ ਤੂੰ ਹੈਂ ਮੌਜੂਦ ਦਾਤਾ, ਹਰ ਇਕ ਦੇਸ ਹੀ ਹੈ ਤੇਰਾ ਦੇਸ ਸੁਆਮੀ !
ਹਰ ਇਕ ਭੇਸ ਵਿਚ ਤੇਰੀ ਹੀ ਜੋਤ ਦਿਸਦੀ, ਤੇਰਾ ਕੋਈ ਇਕ ਖ਼ਾਸ ਨਹੀਂ ਭੇਸ ਸੁਆਮੀ !

ਮੂਲ ਪਾਠ–ਨਮੋ ਰਾਜ ਰਾਜੇ ॥ ਨਮੋ ਸਾਜ ਸਾਜੇ ॥ ਨਮੋ ਸ਼ਾਹ ਸ਼ਾਹੇ ॥ ਨਮੋ ਮਾਹ ਮਾਹੇ ॥੬੭॥

**ਸ਼ਬਦਾਰਥ**–ਰਾਜ ਰਾਜੇ = ਰਾਜਿਆਂ ਦਾ ਰਾਜਾ। ਸਾਜ = ਰਚਨਾ, ਸ੍ਰਿਸ਼ਟੀ। ਸਾਜੇ = ਸਾਜਣ ਵਾਲੇ, ਸਾਜਣਹਾਰ। ਸ਼ਾਹ ਸ਼ਾਹੇ = ਸ਼ਾਹਾਂ ਦਾ ਸ਼ਾਹ, ਸ਼ਹਿਨਸ਼ਾਹ। ਮਾਹ ਮਾਹੇ = ਚੰਨ ਦਾ ਵੀ ਚੰਨ, ਚੰਨ ਨੂੰ ਵੀ ਚਾਨਣੀ ਬਖਸ਼ਣ ਵਾਲਾ।

**ਭਾਵਾਰਥ**–ਪ੍ਰਭੂ, ਤੂੰ ਰਾਜਿਆਂ ਦਾ ਅਧੀਰਾਜ ਹੈਂ, ਸਾਰੀ ਸ੍ਰਿਸ਼ਟੀ ਦਾ ਰਚਣਹਾਰ ਵੀ ਹੈਂ, ਸ਼ਾਹਾਂ ਦਾ ਸ਼ਹਿਨਸ਼ਾਹ ਤੂੰ ਹੀ ਹੈਂ ਅਤੇ ਚੰਨ ਨੂੰ ਚਾਨਣੀ ਦੇਣ ਵਾਲਾ ਵੀ ਤੂੰ ਹੀ ਹੈਂ, ਤੈਨੂੰ ਮੇਰਾ ਪ੍ਰਨਾਮ ਹੈ।

**ਕਾਵਿ ਭਾਵਾਰਥ**–

ਸਭਨਾਂ ਰਾਜਿਆਂ ਦਾ ਤੂੰ ਮਹਾਰਾਜ ਦਾਤਾ, ਤੈਨੂੰ ਪ੍ਰੀਤਮਾ, ਮੈਂ ਨਮਸਕਾਰ ਕਰਨਾਂ।
ਸਾਰੀ ਸ੍ਰਿਸ਼ਟੀ ਦਾ ਹੈਂ ਸਾਜਨਹਾਰ ਤੂੰ ਹੀ, ਤੈਨੂੰ ਬੰਦਗੀ ਮੈਂ ਸੌ ਸੌ ਵਾਰ ਕਰਨਾਂ।
ਹੈ ਅਦੇਸ਼ ਤੈਨੂੰ, ਨਮਸਕਾਰ ਤੈਨੂੰ, ਸਭਨਾਂ ਸ਼ਾਹਾਂ ਦਾ ਤੂੰ ਸ਼ਹਿਨਸ਼ਾਹ ਦਾਤਾ।
ਤੂੰ ਹੀ ਚੰਦ੍ਰਮਾ ਤਾਈਂ ਪ੍ਰਕਾਸ਼ ਬਖਸ਼ੇਂ, ਤੂੰ ਹੀ ਚੰਨਾਂ ਦਾ ਹੈਂ ਚਾਨਣ ਵਾਹ ਦਾਤਾ।

ਮੂਲ ਪਾਠ–ਨਮੋ ਗੀਤ ਗੀਤੇ ॥ ਨਮੋ ਪ੍ਰੀਤ ਪ੍ਰੀਤੇ ॥ ਨਮੋ ਰੋਖ ਰੋਖੇ ॥ ਨਮੋ ਸੋਖ ਸੋਖੇ ॥੬੮॥

**ਸ਼ਬਦਾਰਥ**–ਗੀਤ ਗੀਤੇ = ਗੀਤਾਂ ਦਾ ਗੀਤ; ਸੁੰਦਰ ਗੀਤ। ਪ੍ਰੀਤ ਪ੍ਰੀਤੇ = ਪਿਆਰਾਂ ਦਾ ਪਿਆਰ।


www.AKJ.Org

ਰੋਖ ਰੋਖੇ = ਰੋਸਾਂ ਲਈ ਰੋਸ। ਸੋਖ ਸੋਖੇ = ਸੋਕਿਆਂ ਲਈ ਸੋਕਾ।

**ਭਾਵਾਰਥ**–ਤੈਨੂੰ ਪ੍ਰਨਾਮ ਕਰਦਾ ਹਾਂ ਕਿ ਤੂੰ ਗੀਤਾਂ ਚੋਂ ਮਹਾਨ ਗੀਤ ਹੈਂ, ਅਥਵਾ ਗੀਤਾਂ ਚੋਂ ਤੇਰੀ ਸਿਫ਼ਤ ਸਲਾਹ ਦੇ ਗੀਤ ਹੀ ਸਰਬੋਤਮ ਤੇ ਸਰਬ ਉਚਯ ਹਨ। ਪ੍ਰੀਤਾਂ ਚੋਂ ਤੇਰੀ ਪ੍ਰੀਤ ਹੀ ਮਹਾਨ ਹੈ। ਤੂੰ ਹੀ ਰੋਸਾਂ ਲਈ ਰੋਸ ਹੈਂ, ਭਾਵ ਰੋਸਿਆਂ ਦਾ ਖ਼ਾਤਮਾ ਕਰਨਹਾਰਾ ਹੈਂ; ਤੂੰ ਹੀ ਸੋਕਿਆਂ ਲਈ ਸੋਕਾ ਹੈਂ, ਭਾਵ ਸੋਕਿਆਂ ਨੂੰ ਮਿਟਾਉਣ ਵਾਲਾ ਹੈਂ।

**ਕਾਵਿ ਭਾਵਾਰਥ**–

ਗੀਤਾਂ ਵਿਚ ਇਕ ਅਤੀ ਮਧੁਰ ਗੀਤ ਹੈਂ ਤੂੰ, ਗੀਤਕਾਰਾਂ ਵਿਚ ਥਾਂ ਮਹਾਨ ਤੇਰੀ।
ਵਿਚ ਪ੍ਰੀਤਾਂ ਦੇ ਪ੍ਰੇਮ ਪ੍ਰੀਤ ਹੈਂ ਤੂੰ, ਪਾਵਨ ਪ੍ਰੀਤ ਹੈਂ, ਹੇ ਪ੍ਰੀਤਵਾਨ ਤੇਰੀ।
.. .. ....................। ........................।

**ਮੂਲ ਪਾਠ–ਨਮੋ ਸਰਬ ਰੋਗੇ ॥ ਨਮੋ ਸਰਬ ਭੋਗੇ ॥ ਨਮੋ ਸਰਬ ਜੀਤੰ ॥ ਨਮੋ ਸਰਬ ਭੀਤੰ ॥੬੯॥**

**ਸ਼ਬਦਾਰਥ**–ਸਰਬ ਰੋਗੇ = ਸਭ ਦਾ ਰੋਗ। ਸਰਬ ਭੋਗੇ = ਸਭ ਪਦਾਰਥਾਂ ਦਾ ਭੋਗਣ ਵਾਲਾ। ਸਰਬ ਜੀਤੰ = ਸਭ ਨੂੰ ਜਿੱਤਣ ਵਾਲਾ। ਸਰਬ ਭੀਤੰ = ਜਿਸ ਦਾ ਡਰ ਸਭ ਦੇ ਦਿਲਾਂ ਵਿਚ ਹੋਵੇ।

**ਭਾਵਾਰਥ**–ਪ੍ਰਭੂ, ਤੈਨੂੰ ਨਮਸਕਾਰ ਹੈ, ਤੂੰ ਹੀ ਸਭ ਰੋਗਾਂ ਦਾ ਕਰਤਾ ਹੈਂ, ਅਤੇ ਰੋਗੀਆਂ ਵਿਚ ਵਸਦਾ ਹੋਇਆ ਆਪ ਹੀ ਰੋਗ ਭੁਗਤ ਵੀ ਰਿਹਾ ਹੈਂ। ਇਸੇ ਤਰ੍ਹਾਂ ਸਰਬ ਭੋਗੀਆਂ ਵਿਚ ਵੀ ਵਸਦਾ ਹੋਇਆ ਭੋਗਣਹਾਰ ਵੀ ਤੂੰ ਆਪ ਹੀ ਹੈਂ। ਸਭ ਉਤੇ ਜਿਤ ਪ੍ਰਾਪਤ ਕਰਨ ਵਾਲਾ ਹੈਂ ਤੇ ਤੇਰਾ ਹੀ ਡਰ ਸਭ ਦੇ ਅੰਦਰ ਹੈ।

**ਕਾਵਿ ਭਾਵਾਰਥ**–

ਨਮਸਕਾਰ ਤੈਨੂੰ ਹੇ ਮਹਾਨ ਦਾਤਾ! ਸਰਬ ਰੋਗ ਕਰਤਾ ਤੇ ਭੁਗਤਣਹਾਰ ਹੈਂ ਤੂੰ।
ਹਰ ਇਕ ਵਸਤੂ ਪਦਾਰਥ ਜੋ ਜਗਤ ਵਿਚ ਹੈ, ਜੀਵਾਂ ਵਿਚ ਵਸਦਾ, ਭੋਗਣਹਾਰ ਹੈਂ ਤੂੰ।
ਤੂੰ ਅਜੀਤ, ਸਭ ਨੂੰ ਜਿੱਤਣਹਾਰ ਤੂੰ ਹੀਂ, ਨਮਸਕਾਰ ਤੈਨੂੰ ਸਰਬਜੀਤ ਪ੍ਰੀਤਮ।
ਤੇਰਾ ਡਰ ਹੀ ਹੈ ਸਭ ਦੇ ਦਿਲਾਂ ਅੰਦਰ, ਦਾਤਾ ਤੂਹੀਓਂ ਹੀ ਹੈਂ ਸਰਬ ਭੀਤ ਪ੍ਰੀਤਮ।

**ਮੂਲ ਪਾਠ–ਨਮੋ ਸਰਬ ਗਿਆਨੰ ॥ ਨਮੋ ਪਰਮ ਤਾਨੰ ॥ ਨਮੋ ਸਰਬ ਮੰਤ੍ਰੰ ॥ ਨਮੋ ਸਰਬ ਜੰਤ੍ਰੰ ॥੭੦॥**

**ਸ਼ਬਦਾਰਥ**–ਸਰਬ ਗਿਆਨੰ = ਜਿਸ ਨੂੰ ਸਭ ਦਿਲਾਂ ਦੀ ਗੱਲ ਦਾ ਗਿਆਨ ਹੋਵੇ, ਹਰ ਸਮੇਂ ਹਰ ਘੜੀ ਦਾ ਗਿਆਨ ਹੋਵੇ। ਪਰਮ ਤਾਨੰ = ਸਭ ਤੋਂ ਵਡੇ ਖਿਲਾਰੇ ਵਾਲਾ, ਅਥਵਾ ਪਸਾਰੇ ਜਾਂ ਤਾਣੇ ਬਾਣੇ ਵਾਲਾ। ਤਾਨੰ = ਪਸਾਰਾ, ਤਾਣਾ ਬਾਣਾ। ਸਰਬ ਮੰਤ੍ਰ = ਸਭ ਨੂੰ ਵਸ ਕਰਨ ਵਾਲਾ ਮੰਤ੍ਰ, ਮਹਾਂ ਮੰਤ੍ਰ।

**ਭਾਵਾਰਥ**–ਸਭ ਦੇ ਦਿਲਾਂ ਦੀਆਂ ਜਾਨਣਹਾਰ ਪ੍ਰਭੂ, ਹਰ ਪਾਸੇ ਤੇਰਾ ਹੀ ਖਿਲਾਰਾ ਖਿਲਰਿਆ ਹੋਇਆ ਹੈ ਜਾਂ ਹਰ ਪਾਸੇ ਤੂੰ ਹੀ ਪਸਰਿਆ ਹੋਇਆ ਹੈਂ। ਤੂੰ ਹੀ ਮਹਾਂ ਮੰਤ੍ਰ ਹੈਂ ਅਤੇ ਤੂੰ ਹੀ ਮਹਾਂ ਜੰਤ੍ਰ ਹੈਂ, ਤੈਨੂੰ ਨਮਸਕਾਰ ਹੈ।

**ਕਾਵਿ ਭਾਵਾਰਥ**–

ਹਰ ਇਕ ਰਿਦੇ, ਹਰ ਛਿਨ ਹਰ ਘੜੀ ਪਲ ਦੀ, ਹਰ ਇਕ ਘਟਨਾ ਦਾ ਤੈਨੂੰ ਹੈ ਗਿਆਨ ਦਾਤਾ!
ਇਸ ਬ੍ਰਹਿਮੰਡ ਦੇ ਸਾਰੇ ਪਸਾਰੇ ਉਤੇ, ਤਣਿਆ ਹੋਇਆ ਤੇਰਾ ਮਹਾਂ ਤਾਣ ਦਾਤਾ!
ਤੇਰਾ ਨਾਮ ਪਵਿਤ੍ਰ ਮਹਾਨ ਹੈ ਜੋ, ਮਹਾਂ ਮੰਤ੍ਰ ਹੈ ਸਾਰਿਆਂ ਮੰਤ੍ਰਾਂ ਵਿਚ।
ਤੇਰਾ ਜਾਪ, ਮਹਾਂ ਜਪ ਹੈ ਜਪਾਂ ਅੰਦਰ, ਸਿਮਰਨ ਤੇਰਾ ਮਹਾਂ ਜੰਤ੍ਰ ਹੈ ਜੰਤ੍ਰਾਂ ਵਿਚ।

**ਮੂਲ ਪਾਠ–ਨਮੋ ਸਰਬ ਦ੍ਰਿਸੰ ॥ ਨਮੋ ਸਰਬ ਕ੍ਰਿਸੰ ॥ ਨਮੋ ਸਰਬ ਰੰਗੇ ॥ ਤ੍ਰਿਭੰਗੀ ਅਨੰਗੇ ॥੭੧॥**

**ਸ਼ਬਦਾਰਥ**–ਦ੍ਰਿਸੰ = ਦੇਖਣ ਵਾਲਾ। ਸਰਬ ਕ੍ਰਿਸੰ = ਸਭੋ ਕੁਝ ਹੀ ਜਿਸ ਦੀ ਦ੍ਰਿਸ਼ਟੀ ਵਿਚ ਹੋਵੇ।



www.AKJ.Org

ਸਰਬ ਕ੍ਰਿਸ਼=ਸਭੋ ਕੁਝ ਜਿਸ ਵਲ ਆਕ੍ਰਿਸ਼ਤ ਹੋ ਰਿਹਾ ਹੋਵੇ। ਸਰਬ ਰੰਗੇ=ਜਿਹੜਾ ਹਰ ਰੰਗ ਵਿਚ ਮੌਜੂਦ ਹੋਵੇ। ਤ੍ਰਿਭੰਗੀ=ਤ੍ਰਿ+ਭੰਗੀ ਤਿੰਨਾਂ ਤਾਪਾਂ ਦਾ ਨਾਸ ਕਰਨ ਵਾਲਾ। ਅਨੰਗੇ=ਅੰਗ ਅਥਵਾ ਸਰੀਰ ਰਹਿਤ।

**ਭਾਵਾਰਥ**—ਤੈਨੂੰ ਨਮਸਕਾਰ ਕਰਦਾ ਹਾਂ। ਬ੍ਰਹਿਮੰਡ ਦੀ ਹਰ ਵਸਤੂ ਹਰ ਜੀਵ ਤੇਰੀ ਨਜ਼ਰ ਦੇ ਹੇਠਾਂ ਹੈਂ, ਸਭੋ ਕੁਝ ਤੇਰੇ ਵਲ ਹੀ ਆਕ੍ਰਿਸ਼ਤ ਹੋ ਰਿਹਾ ਹੈ, ਹਰ ਇਕ ਰੰਗ ਵਿਚ ਤੂੰ ਮੌਜੂਦ ਹੈਂ, ਵਿਆਪਕ ਹੈਂ, ਤਿੰਨਾਂ ਹੀ ਤਾਪਾਂ ਨੂੰ ਤੂੰ ਨਾਸ ਕਰਨ ਵਾਲਾ ਹੈਂ, ਤੇਰਾ ਕੋਈ ਅੰਗ ਸਰੀਰ ਨਹੀਂ ਹੈ।

**ਕਾਵਿ ਭਾਵਾਰਥ :—**

ਜਿਤਨੇ ਜੀਵ ਜੰਤੂ ਨੇ ਇਸ ਬ੍ਰਹਿਮਾਂਡ ਅੰਦਰ, ਇਕ ਇਕ ਹੈ ਵਿਚ ਤੇਰੀ ਨਜ਼ਰ ਦਾਤਾ !
ਖਿਚਿਆ ਜਾ ਰਿਹਾ ਹੈ ਤੇਰੀ ਵਲ ਪ੍ਰੀਤਮ, ਹਰ ਇਕ ਜੀਵ ਪ੍ਰਾਣੀ, ਹਰ ਇਕ ਬਸ਼ਰ ਦਾਤਾ !
ਤੈਨੂੰ ਕਰਾਂ ਡੰਡੌਤ ਹੇ ਪ੍ਰਭੂ ਮੇਰੇ, ਹਰ ਇਕ ਰੰਗ ਵਿਚ ਹੈ ਤੇਰਾ ਰੰਗ ਪ੍ਰੀਤਮ !
ਤਿੰਨਾਂ ਤਾਪਾਂ ਦੇ ਨਾਸ਼ਕ ਦਾਤਾਰ ਮੇਰੇ, ਅੰਗ ਰਹਿਤ ਹੈਂ, ਮੇਰੇ ਅਨੰਗ ਪ੍ਰੀਤਮ !

**ਮੂਲ ਪਾਠ—ਨਮੋ ਜੀਵ ਜੀਵੇ ॥ ਨਮੋ ਬੀਜ ਬੀਜੇ ॥ ਅਖਿਜੇ ਅਭਿਜੇ ॥ ਸਮਸਤੰ ਪ੍ਰਸਿੱਜੇ ॥੭੨॥**

**ਸ਼ਬਦਾਰਥ**—ਜੀਵ ਜੀਵੇਂ=ਜੀਵਾਂ ਦਾ ਪ੍ਰਾਣ ਅਥਵਾ ਜਿੰਦ। ਬੀਜ ਬੀਜੇ=ਬੀਜ ਦਾ ਵੀ ਮੂਲ, ਬੀਜ ਦਾ ਵੀ ਜੀਵਨ। ਅਖਿਜੇ=ਨਾ ਖਿਝਣ ਵਾਲਾ, ਸ਼ਾਂਤ ਰੂਪ। ਅਭਿਜੇ=ਕਰਮਾਂ ਕਾਂਡਾਂ ਨਾਲ ਨਾ ਭਿਜਣ ਵਾਲਾ। ਪ੍ਰਸਿਜੇ=ਪ੍ਰਸੰਨ ਕਰਦਾ ਹੈਂ, ਪਸੀਜਦਾ ਤੇ ਬਖਸ਼ਿਸ਼ਾਂ ਕਰਦਾ ਹੈਂ।

**ਭਾਵਾਰਥ**—ਤੈਨੂੰ ਨਮਸਕਾਰ ਹੈ, ਤੂੰ ਹਰ ਜੀਵ ਦਾ ਜੀਵਨ-ਦਾਤਾ ਹੈਂ, ਹਰ ਬੀਜ ਦਾ ਮੂਲ ਹੈਂ, ਕਦੇ ਖਿਝਦਾ ਨਹੀਂ, ਸ਼ਾਂਤ ਰੂਪ ਹੈਂ, ਭੇਖਾਂ ਪਖੰਡਾਂ ਨਾਲ ਪਸੀਜਦਾ ਨਹੀਂ, ਸਭ ਨੂੰ ਨਿਰੰਤਰ ਬਖ਼ਸ਼ਿਸ਼ਾਂ ਕਰੀ ਜਾਂਦਾ ਹੈਂ।

**ਕਾਵਿ ਭਾਵਾਰਥ :—**

ਜੀਵਨ ਦਾਨ ਹਰ ਜੀਵ ਨੂੰ ਦੇਣ ਵਾਲੇ, ਮੇਰੇ ਪ੍ਰੀਤਮਾ ! ਤੈਨੂੰ ਆਦੇਸ਼ ਮੇਰਾ।
ਹਰ ਇਕ ਬੀਜ ਨੂੰ ਜੀਵਨ ਪ੍ਰਦਾਨ ਕਰਨੈਂ, ਮੇਰੇ ਪ੍ਰੀਤਮਾ ! ਤੈਨੂੰ ਆਦੇਸ਼ ਮੇਰਾ।
ਕਦੇ ਖਿਝਦਾ ਨਹੀਂ, ਐਵੇਂ ਭਿਜਦਾ ਨਹੀਂ, ਸ਼ਾਂਤ ਰੂਪ ਤੂੰ ਮੇਰੇ ਦਾਤਾਰ ਪ੍ਰੀਤਮ !
ਹਰ ਇਕ ਜੀਵ ਨੂੰ ਬਖਸ਼ਿਸ਼ਾਂ ਕਰੀ ਜਾਨੈਂ, ਸਭ ਤੇ ਸਿਝਿਆ ਹੋਇਐਂ ਦਾਤਾਰ ਪ੍ਰੀਤਮ !

**ਮੂਲ ਪਾਠ—ਕ੍ਰਿਪਾਲੰ ਸਰੂਪੇ ॥ ਕੁਕਰਮੰ ਪ੍ਰਣਾਸੀ ॥ ਸਦਾ ਸਰਬਦਾ, ਰਿਧਿ ਸਿਧਿੰ ਨਿਵਾਸੀ ॥੭੩॥**

**ਸ਼ਬਦਾਰਥ**—ਕ੍ਰਿਪਾਲੰ=ਕਿਰਪਾ ਦਾ ਘਰ। ਕ੍ਰਿਪਾਲੰ ਸਰੂਪੇ=ਕਿਰਪਾਲਤਾ ਜਾਂ ਦਿਆਲਤਾ ਦਾ ਰੂਪ। ਕੁਕਰਮੰ=ਪਾਪ ਕਰਮ। ਪ੍ਰਣਾਸੀ=ਨਾਸ ਕਰਨ ਵਾਲਾ। ਸਰਬਦਾ=ਸਦਾ। ਰਿਧਿ ਸਿਧਿੰ=ਰਿਧੀਆਂ ਸਿਧੀਆਂ। ਰਿਧਿ ਸਿਧਿੰ ਨਿਵਾਸੀ=ਜਿਸ ਵਿਚ ਰਿਧੀਆਂ ਸਿਧੀਆਂ ਨਿਵਾਸ ਕਰਦੀਆਂ ਹੋਣ।

**ਭਾਵਾਰਥ**—ਹੇ ਦਿਆਲਤਾ ਦੇ ਸਰੂਪ, ਪਾਪ ਕਰਮਾਂ ਦੇ ਨਾਸ਼ਕ, ਤੇਰੇ ਵਿਚ ਸਰਬਤ ਰਿਧੀਆਂ ਸਿਧੀਆਂ ਸਦਾ ਹੀ ਰਹਿੰਦੀਆਂ ਹਨ, ਤੈਨੂੰ ਮੇਰਾ ਪ੍ਰਨਾਮ ਹੈ।

**ਕਾਵਿ ਭਾਵਾਰਥ :—**

ਕ੍ਰਿਪਾ ਸਾਗਰ ਹੇ ਦਯਾ ਨਿਧਾਨ ਦਾਤਾ, ਕਰੁਣਾਮੈ ਕ੍ਰਿਪਾਲ ਦਾਤਾਰ ਮੇਰੇ !
ਮੰਦੇ ਕਰਮਾਂ, ਕੁਕਰਮਾਂ ਦਾ ਨਾਸ਼ ਕਰਨੈਂ, ਐਸਾ ਪਤਿਤ ਪਾਵਨ ਕ੍ਰਿਪਾਧਾਰ ਮੇਰੇ !
ਸਭਨਾਂ ਤਾਈਂ ਹਰਦਮ ਵੰਡਦਾ ਜਾਏਂ ਦਾਤਾ, ਕਰੇਂ ਬਖ਼ਸ਼ਿਸ਼ਾਂ ਕ੍ਰਿਪਾ ਨਿਧਾਨ ਪ੍ਰੀਤਮ !
ਰਿਧੀਆਂ ਸਿਧੀਆਂ ਸਭ ਤੇਰੇ ਵਿਚ ਵਸਦੀਆਂ ਨੇ, ਤੂੰ ਹੀ ਇਹਨਾਂ ਦਾ ਵਾਸ ਅਸਥਾਨ ਪ੍ਰੀਤਮ !੭੩।



www.AKJ.Org

# "ਦਸਮ ਗ੍ਰੰਥ ਨਿਰਣੈ" ਪੁਸਤਕ ਸਿਖ ਧਰਮ ਦੇ ਬੁਨਿਆਦੀ ਅਸੂਲਾਂ ਦੇ ਵਿਰੁਧ ਹੈ

[ਵਲੋਂ :—ਗਿ: ਊਧਮ ਸਿੰਘ ਜੀ, ਰਜੌਰੀ ਗਾਰਡਨ, ਨਵੀਂ ਦਿਲੀ]

ਗਿ: ਭਾਗ ਸਿੰਘ ਜੀ ਅੰਬਾਲਾ ਨਿਵਾਸੀ ਨੇ ਪਿਛਲੇ ਸਾਲ ਉਕਤ ਨਾਮ ਦੀ ਜੋ ਪੁਸਤਕ ਪ੍ਰਕਾਸ਼ਤ ਕੀਤੀ ਹੈ ਉਸ ਨੂੰ ਪੜ੍ਹ ਕੇ ਕਈ ਗੁਰਸਿਖ ਹਿਰਦਿਆਂ ਨੂੰ ਠੇਸ ਵਜੀ ਹੈ ਅਤੇ ਅਖ਼ਬਾਰਾਂ ਵਿਚ ਵੀ ਇਸ ਦੇ ਵਿਰੁਧ ਕਾਫ਼ੀ ਚਰਚਾ ਹੋਈ ਹੈ। ਪੁਸਤਕ ਦਾ ਨਾਂ ਤਾਂ 'ਦਸਮ ਗ੍ਰੰਥ ਨਿਰਣੈ' ਹੈ ਪਰ ਵਾਸਤਵ ਵਿਚ ਇਹ ਦਸਮ ਗ੍ਰੰਥ ਨਿੰਦਾ ਹੀ ਹੈ, ਨਿਰਣੈ ਵਾਲੀ ਕੋਈ ਗੱਲ ਨਹੀਂ। ਦਸਮ ਗ੍ਰੰਥ ਵਿਚ ਕਿਹੜੀ ਰਚਨਾ ਮੁਖ ਵਾਕ ਹੈ ਤੇ ਕਿਹੜੀ ਨਹੀਂ, ਇਹ ਇਕ ਗੁੰਝਲਦਾਰ ਮਸਲਾ ਹੈ, ਜਿਸ ਨੂੰ ਨਿਰਣਾਉਣ ਲਈ ਵਿਦਵਾਨਾਂ ਦਾ ਮਿਲਵਾਂ ਯਤਨ ਲੋੜੀਂਦਾ ਹੈ। ਪਰ ਇਹ ਪ੍ਰਸ਼ਨ ਬਹੁਤਾ ਪੇਚੀਦਾ ਨਹੀਂ ਕਿ ਕਿਹੜੀ ਰਚਨਾ ਮੁਖਵਾਕ ਬਾਣੀ ਹੈ ਤੇ ਕਿਹੜੀ ਨਹੀਂ। ਮੁਖਵਾਕ ਬਾਣੀ ਅਤੇ ਮੁਖਵਾਕ ਰਚਨਾ ਵਿਚ ਇਸ ਸਬੰਧ ਵਿਚ ਹੇਠ ਲਿਖੇ ਦੋਹਰੇ ਤੋਂ ਕੁਝ ਸੇਧ ਮਿਲਦੀ ਹੈ—

ਦਸਮ ਕਥਾ ਭਗੌਤ ਕੀ ਭਾਖਾ ਕਰੀ ਬਨਾਇ ॥
ਅਵਰ ਬਾਸਨਾ ਨਾਹਿ ਪ੍ਰਭ,ਧਰਮ-ਜੁਧ ਕੇ ਚਾਇ ॥

ਇਸ ਵਿਚ ਜੋ 'ਅਵਰ ਬਾਸਨਾ ਨਾਹਿ ਪ੍ਰਭ' ਵਾਕ ਮਹਾਰਾਜ ਨੇ ਵਰਤਿਆ ਹੈ, ਇਹ ਆਮ ਰਚਨਾ ਲਈ ਤਾਂ ਹੈ, ਗੁਰਬਾਣੀ ਰੂਪ ਰਚਨਾ ਲਈ ਕਿਧਰੇ ਨਹੀਂ, ਪਰ ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਭਾਗਵਤ ਦੀ ਇਸ ਦੋਹਰੇ ਵਾਲੀ ਕਥਾ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਮੁਖਵਾਕ ਰਚਨਾ ਨਹੀਂ ਹੈ। ਮੁਖਵਾਕ ਦਾ ਭਾਵ ਹੈ ਮੂੰਹ ਦੇ ਉਚਾਰੇ ਹੋਇ ਬੋਲ, ਜਿਨ੍ਹਾਂ ਵਿਚ ਆਮ ਬੋਲ ਉਹ ਹਨ ਜੋ ਉਨ੍ਹਾਂ ਨੇ ਕਿਸੇ ਨਾਲ ਪਰਸਪਰ ਵਿਚਾਰ ਸਮੇਂ ਅਥਵਾ ਘਟਨਾ ਜਾਂ ਪੁਰਾਤਨ ਕਥਾ ਦੇ ਉਲਥਾਉਣ ਸਮੇਂ ਬੋਲੇ ਹਨ। ਗੁਰਬਾਣੀ ਰੂਪ ਉਹ ਬੋਲ ਹਨ ਜੋ ਪ੍ਰਭੂ ਧਿਆਨ ਦੀ ਲਿਵਲੀਨਤਾ ਸਮੇਂ ਉਚਾਰੇ ਗਏ ਹਨ। ਜਿਹੜੇ ਗੁਰਸਿਖ ਨੇਮ ਨਾਲ ਰੋਜ਼ ਗੁਰਬਾਣੀ ਦਾ ਪਾਠ ਕਰਦੇ ਹਨ ਉਨ੍ਹਾਂ ਨੂੰ ਮਹਾਰਾਜ ਦੀ ਆਮ ਵਾਕ-ਰਚਨਾ ਅਤੇ ਗੁਰਬਾਣੀ ਰੂਪ ਵਾਕ-ਰਚਨਾ ਦਾ ਸੁਤੇ ਹੀ ਅਨੁਭਵ ਹੋ ਜਾਂਦਾ ਹੈ।

ਗਿ: ਭਾਗ ਸਿੰਘ ਜੀ ਨੇ ਦਸਮ ਗ੍ਰੰਥ ਦੀਆਂ ਜਿਨ੍ਹਾਂ ਰਚਨਾਵਾਂ ਦਾ ਖੰਡਨ ਕੀਤਾ ਹੈ ਉਨ੍ਹਾਂ ਦਾ ਪੂਰਾ ਉਤਰ ਇਸ ਤੋਂ ਦੁਗਣੀ ਪੁਸਤਕ ਵਿਚ ਵੀ ਦਿਤਾ ਜਾ ਸਕਦਾ ਹੈ, ਪਰ ਮੈਂ ਇਸ ਸਮੇਂ ਕੇਵਲ ਚੌਪਈ ਉਤੇ ਉਨ੍ਹਾਂ ਦੀ ਨੁਕਤਾਚੀਨੀ ਦਾ ਜ਼ਿਕਰ ਕਰਦਾ ਹਾਂ। ਇਸ ਗੱਲ ਨੂੰ ਸਾਰਾ ਸਿਖ-ਜਗਤ ਸਮਝਦਾ ਅਤੇ ਜਾਣਦਾ ਹੈ ਕਿ ਕੇਸਗੜ੍ਹ ਸਾਹਿਬ ਵਾਲੇ ਅੰਮ੍ਰਿਤ-ਸਿੰਚਾਰ ਸਮੇਂ ਤੋਂ ਅਜ ਤਕ ਦੇ ਕਰੀਬ ਪੌਣੇ ਤਿੰਨ ਸੌ ਸਾਲ ਦੇ ਅਰਸੇ ਵਿਚ ਕਰੋੜਾਂ ਗੁਰਸਿਖ ਇਸ ਚੌਪਈ ਦੇ ਪਾਠ ਦੁਆਰਾ ਤਿਆਰ ਹੋਇ ਅੰਮ੍ਰਿਤ ਨੂੰ ਪਾਨ ਕਰ ਕੇ ਸੰਸਾਰ ਤੋਂ ਚਲੇ ਗਏ ਅਤੇ ਲੱਖਾਂ ਅਜ ਮੌਜੂਦ ਹਨ ਜਿਨ੍ਹਾਂ ਨੇ ਚਾਰ ਬਾਣੀਆਂ ਦੇ ਨਾਲ ਪੰਜਵੀਂ ਇਸੇ ਚੌਪਈ ਦੇ ਪਾਠ ਦੁਆਰਾ ਤਿਆਰ ਹੋਇਆ ਅੰਮ੍ਰਿਤ ਪਾਨ ਕੀਤਾ ਹੈ। ਕੀ ਉਨ੍ਹਾਂ ਸਾਰਿਆਂ ਨੇ ਭੁਲ ਕੀਤੀ ਹੈ ? ਕੀ ਸਾਰਾ ਸਿਖ ਪੰਥ ਹੀ ਗਲਤੀ ਤੇ ਹੈ, ਜੋ ਸ਼ਰਧਾ ਨਾਲ ਚੌਪਈ ਦਾ ਪਾਠ ਕਰਦਾ ਹੈ ? ਹੈਰਾਨਗੀ ਦੀ ਗੱਲ ਹੈ ਕਿ ਸਿਖੀ ਦੇ ਧੁਰੇ ਉਤੇ ਹੀ ਵਾਰ ਕਰਨ ਸਮੇਂ ਗਿਆਨੀ ਜੀ ਨੇ ਅਗਾ ਪਿਛਾ ਨਹੀਂ ਦੇਖਿਆ ਅਤੇ ਐਡੇ ਵਡੇ ਮਸਲੇ ਤੇ ਆਪਣੀ ਰਾਇ ਠੋਸ ਕੇ ਪੰਥ ਵਿਚ ਬੇਚੈਨੀ ਪੈਦਾ ਕਰ ਦਿਤੀ ਹੈ। ਉਨ੍ਹਾਂ ਦੀ ਰਾਇ ਅਨੁਸਾਰ ਜੇ ਦਸਮ ਗ੍ਰੰਥ ਨਾਂ ਦੀ ਕੋਈ ਚੀਜ਼ ਹੀ ਨਹੀਂ ਹੋਣੀ ਚਾਹੀਦੀ ਤਾਂ ਜਾਪੁ ਸਾਹਿਬ ਆਦਿ ਬਾਣੀਆਂ ਕਿਵੇਂ ਅਖੋਂ ਉਹਲੇ ਕੀਤੀਆਂ ਜਾਣਗੀਆਂ।

ਇਹ ਕਿਤਾਬ ਛਪਣ ਤੋਂ ਪਹਿਲਾਂ ਮੇਰੀ ਉਨ੍ਹਾਂ ਨਾਲ ਗੱਲ ਹੋਈ ਸੀ ਅਤੇ ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਸੀ ਕਿ ਜੇ ਤੁਸਾਡਾ ਮਨ ਚੌਪਈ ਦੇ ਪਾਠ ਲਈ ਨਹੀਂ ਮੰਨਦਾ ਤਾਂ ਨਾ ਕਰੋ, ਪਰ ਸਮੁਚੀ ਸਿਖ ਕੌਮ ਤੇ ਇਹ ਰਾਇ ਠੋਸਣ ਦੀ ਭੁਲ ਨਾ ਕਰਨੀ; ਪਰ ਉਨ੍ਹਾਂ ਨੇ



www.AKJ.Org

ਧਿਆਨ ਨਾ ਦਿਤਾ ਅਤੇ ਉਹੀ ਗੱਲ ਕੀਤੀ ਜਿਸ ਦਾ ਅੰਦੇਸ਼ਾ ਸੀ। ਇਸ ਤੋਂ ਪਹਿਲਾਂ ਭਸੌੜ ਮਤ ਵਾਲਿਆਂ ਨੇ ਗੁਰਬਾਣੀ ਤੇ ਕਿੰਤੂ ਕਰ ਕੇ ਕੌਮ ਵਿਚ ਬੇਚੈਨੀ ਪੈਦਾ ਕੀਤੀ ਸੀ। ਜੇ ਹਰ ਕੋਈ ਇਸੇ ਤਰ੍ਹਾਂ ਆਪਣੀ ਆਪਣੀ ਬੋਲੀ ਬੋਲਦਾ ਤੇ ਫੈਸਲੇ ਦੇਂਦਾ ਰਿਹਾ ਤਾਂ ਸਿਖ ਧਰਮ ਦੀ ਬੁਨਿਆਦੀ ਏਕਤਾ ਦਾ ਕਾਇਮ ਰਹਿਣਾ ਅਸੰਭਵ ਹੋ ਜਾਵੇਗਾ।

ਸਿਖ-ਜਗਤ ਵਿਚ ਇਸ ਸਮੇਂ ਬਹੁਤ ਸਾਰੇ ਗੁਰਸਿਖ ਮੌਜੂਦ ਹਨ ਜਿਨ੍ਹਾਂ ਨੇ ਸੰਸਾਰੀ ਔਕੜਾਂ ਸਮੇਂ ਚੌਪਈ ਦੇ ਪਾਠ ਦਾ ਸਹਾਰਾ ਲਿਆ ਅਤੇ ਉਨ੍ਹਾਂ ਦੀ ਸਹਾਇਤਾ ਗੁਰੂ ਮਹਾਰਾਜ ਨੇ ਕੀਤੀ। ਇਹ ਪ੍ਰਾਰਥਨਾ ਰੂਪ ਬਾਣੀ ਹੈ ਅਤੇ ਇਸ ਦਾ ਸ਼ਰਧਾ ਨਾਲ ਪਾਠ ਕੀਤਿਆਂ ਨਿਰਾਸਤਾ ਵਿਚ ਡੁਬੇ ਮਨ ਵਿਚ ਢਾਰਸ ਬਝ ਜਾਂਦੀ ਹੈ। ਅਜ ਤੋਂ ਢਾਈ ਤਿੰਨ ਸੌ ਸਾਲ ਪਹਿਲਾਂ ਗੁਰੂ ਕਲਗੀਧਰ ਜੀ ਤੋਂ ਬਿਨਾਂ ਹੋਰ ਕੌਣ ਮਾਈ ਦਾ ਲਾਲ ਹੋ ਸਕਦਾ ਸੀ ਜੋ ਇਹ ਕਹਿੰਦਾ ਕਿ, "ਕਾਲ ਪਾਇ ਬ੍ਰਹਮਾ ਬਪੁ ਧਰਾ ॥ ਕਾਲ ਪਾਇ ਸਿਵਜੂ ਅਵਤਰਾ ॥ ਕਾਲਿ ਪਾਇ ਕਰ ਬਿਸਨੁ ਪ੍ਰਕਾਸਾ ॥ ਸਕਲ ਕਾਲ ਕਾ ਕੀਆ ਤਮਾਸਾ ॥" ਅਥਵਾ "ਮਹਾਦੇਵ ਕੌ ਕਹਤ ਸਦਾ ਸਿਵ ॥ ਨਿਰੰਕਾਰ ਕਾ ਚੀਨਤ ਨਹਿ ਭਿਵ ॥" ਇਸ ਨੂੰ ਉਚਾਰਨ ਵਾਲਾ ਕੋਈ ਸਾਤਕੀ ਕਵੀ ਜੇ ਚਰਿਤਰਾਂ ਵਿਚ ਆਇ ਮਹਾਂ ਕਾਲ ਦਾ ਪੂਜਕ ਸੀ ਤਾਂ ਉਸ ਨੇ ਆਪਣੇ ਇਸ਼ਟ ਨੂੰ ਛਡ ਕੇ ਇਹ ਨਾਹਰਾ ਕਿਵੇਂ ਲਾਇਆ, "ਆਦਿ ਅੰਤਿ ਏਕੈ ਅਵਤੰਰਾ ॥ ਸੋਈ ਗੁਰੂ ਸਮਝਿਯਹੁ ਹਮਾਰਾ ॥" ਕੇਵਲ ਕਬਿਯੋ ਬਾਚ ਪਦ ਤੋਂ ਹੀ ਇਸ ਨੂੰ ਕਿਸੇ ਹੋਰ ਕਵੀ ਦੀ ਰਚਨਾ ਕਹਿਣਾ ਪਾਇਦਾਰ ਦਲੀਲ ਨਹੀਂ, ਸਤਿਗੁਰੂ ਆਪ ਮਹਾਨ ਕਵੀ ਸਨ ਅਤੇ "ਨਾਨਕ ਸਾਇਰ ਏਵ ਕਹਿਆ" ਗੁਰਵਾਕ ਅਨੁਸਾਰ ਉਨ੍ਹਾਂ ਨੇ ਆਪਣੇ ਆਪ ਲਈ ਹੀ ਕਵੀ ਪਦ ਵਰਤਿਆ ਹੈ। ਕੇਵਲ ਚਰਿਤਰ ਦੇ ਨਾਲ ਜੁੜਵੀਂ ਰਚਨਾ ਹੋਣ ਤੇ ਹੀ ਇਸ ਨੂੰ ਚਰਿਤਰ ਵਾਲੀ ਰਚਨਾ ਦਾ ਦਰਜਾ ਦੇਣਾ ਸਿਆਣਪ ਨਹੀਂ, ਜਦ ਕਿ ਚਰਿਤਰ ਵਾਲੀ ਜਾਂ ਕਹਾਣੀ ਵਾਲੀ ਇਸ ਰਚਨਾ ਵਿਚ ਕੋਈ ਗੱਲ ਨਹੀਂ। ਸਹੀ ਭਾਵ ਤਾਂ ਇਸ ਦਾ ਇਹ ਹੈ ਕਿ ਇਕ ਚਲਦੀ ਕਥਾ ਦੇ ਦੌਰਾਨ ਸਰਬ ਸ੍ਰਿਸ਼ਟੀ ਦੇ ਰਖਕ ਵਾਹਿਗੁਰੂ ਵਲ ਮੁਖ਼ਾਤਬ ਹੋ ਕੇ ਮਹਾਰਾਜ ਨੇ ਇਹ ਬਾਣੀ ਉਚਾਰੀ ਹੈ ਅਤੇ ਲੋਕਾਂ ਨੂੰ ਰੱਬੀ ਟੇਕ ਦੀ ਸੇਧ ਦਿਤੀ ਹੈ।

ਜੇ ਗਿਆਨੀ ਜੀ "ਹਮਰੇ ਦੁਸਟ ਸਭੈ ਤੁਮ ਘਾਵਹੁ", ਵਾਕ ਨੂੰ ਗੁਰਬਾਣੀ ਦੇ ਉਲਟ ਸਮਝਦੇ ਹਨ ਤਾਂ "ਸਾਕਤ ਨਿੰਦਕ ਦੁਸ਼ਟ ਖਿਨ ਮਾਹਿ ਬਿਦਾਰਿਅਨੁ" ਗੁਰਵਾਕ ਦਾ ਕੀ ਅਰਥ ਕਰਨਗੇ ?

ਇਸੇ ਤਰ੍ਹਾਂ ਉਹ "ਦੇਹ ਸਿਵਾ ਬਰ ਮੋਹਿ ਇਹੈ" ਵਾਕ ਵਿਚ ਸ਼ਿਵਾ ਦਾ ਅਰਥ ਪਾਰਬਤੀ ਹੀ ਸਮਝਣ ਦਾ ਜੋ ਪਹਾੜ ਜੇਡਾ ਭੁਲੇਖਾ ਖਾ ਰਹੇ ਹਨ ਤਾਂ "ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ" ਗੁਰਬਾਣੀ ਦੀ ਤੁਕ ਵਿਚਲੇ 'ਸਿਵ' ਪਦ ਦੇ ਅਰਥ ਕੀ ਕਰਨਗੇ।

ਅੰਤ ਵਿਚ ਮੇਰੀ ਉਨ੍ਹਾਂ ਨੂੰ ਨਿਮ੍ਰਤਾ ਸਹਿਤ ਬੇਨਤੀ ਹੈ ਕਿ ਆਪਣੇ ਕਥਨ ਵਲ ਦੁਬਾਰਾ ਝਾਤ ਮਾਰਨ ਦੀ ਕਿਰਪਾ ਕਰਨ ਅਤੇ ਆਪ ਹੀ ਆਪਣੀ ਲਿਖਤ ਨੂੰ ਵਾਪਸ ਲੈ ਕੇ ਸੰਗਤਾਂ ਵਿਚ ਫੈਲ ਰਹੀ ਬੇਚੈਨੀ ਨੂੰ ਦੂਰ ਕਰਨ। ਜਿਨ੍ਹਾਂ ਸੱਜਣਾਂ ਨੇ ਇਸ ਪੁਸਤਕ ਦੇ ਰੀਵੀਊ ਜਾਂ ਮੁਖ-ਬੰਧ ਲਿਖੇ ਹਨ ਜੇ ਉਨ੍ਹਾਂ ਪੁਸਤਕ ਵੇਖ ਕੇ ਹੀ ਰਸਮ ਪੂਰੀ ਕੀਤੀ ਹੋਵੇ ਤਾਂ ਵੱਖਰੀ ਗੱਲ ਹੈ ਤੇ ਜੇ ਉਨ੍ਹਾਂ ਦੀ ਵੀ ਇਹੀ ਰਾਇ ਹੈ ਤਾਂ ਇਸ ਤੇ ਮੁੜ ਵਿਚਾਰ ਕਰਨ। ਸਿਖੀ ਪ੍ਰਚਾਰ ਲਈ ਕਰਨ ਵਾਲੇ ਹੋਰ ਬੜੇ ਕੰਮ ਹਨ। ਕੁਝ ਅਣਜਾਣ ਲੋਕਾਂ ਦੇ ਘੇਰੇ ਵਿਚ ਆ ਕੇ ਜਾਂ ਆਪਣੀ ਮਤ ਅਨੁਸਾਰ ਸਿਖ ਧਰਮ ਦੇ ਕਿਸੇ ਅਸੂਲ ਤੇ ਵਾਰ ਕਰਨਾ ਸਿਖੀ ਪਰਚਾਰ ਨਹੀਂ ਅਤੇ ਨਾ ਹੀ ਇਸ ਦੀ ਕਿਸੇ ਨੂੰ ਖੁਲ੍ਹ ਹੋਣੀ ਚਾਹੀਦੀ ਹੈ।

ਪੰਥ ਵਿਚ ਸਿਰ ਚੁਕ ਰਹੀ ਇਹ ਪਰਪਾਟੀ ਖ਼ਤਰ-ਨਾਕ ਹੈ ਕਿ ਦੋ ਚਾਰ ਬੰਦੇ ਇਕੱਠੇ ਹੋ ਕੇ ਕੋਈ ਸੰਸਥਾ ਖੜੀ ਕਰ ਲੈਂਦੇ ਹਨ ਅਤੇ ਪੰਥਕ ਧਾਰਮਕ ਮਸਲਿਆਂ ਨੂੰ ਹੱਥ ਪਾ ਲੈਂਦੇ ਹਨ, ਜਿਨ੍ਹਾਂ ਬਾਰੇ ਉਨ੍ਹਾਂ ਨੂੰ ਰਾਈ



www.AKJ.Org

ਭਰ ਵੀ ਗਿਆਨ ਨਹੀਂ ਹੋਂਦਾ। ਕੇਵਲ ਨਵਾਂ ਸ਼ੋਸ਼ਾ ਛਡ ਕੇ ਹੀ ਆਪਣੀ ਸ਼ੋਹਰਤ ਬਨਾਣ ਦੀ ਭਾਵਨਾ, ਅਜਿਹਾ ਖ਼ਤਰਨਾਕ ਰਸਤਾ ਹੈ ਜੋ ਕੌਮ ਦੇ ਬੁਨਿਆਦੀ ਅਸੂਲਾਂ ਨੂੰ ਖੇਰੂੰ ਖੇਰੂੰ ਕਰਨ ਦਾ ਕਾਰਨ ਬਣ ਸਕਦਾ ਹੈ। ਅਜਿਹੇ ਲੋਕਾਂ ਦੇ ਪ੍ਰਚਾਰ ਤੋਂ ਪ੍ਰਭਾਵਤ ਹੋਣ ਸਮੇਂ ਸਿਖ ਸੰਗਤਾਂ ਅਤੇ ਖਾਸ ਕਰ ਸਿਖ ਧਰਮ ਦੇ ਵਿਦਵਾਨਾਂ ਨੂੰ ਚੋਕਸ ਰਹਿਣਾ ਚਾਹੀਦਾ ਹੈ।

ਗਿ: ਭਾਗ ਸਿੰਘ ਜੀ ਨੇ ਕਿਸੇ ਦੀ ਪ੍ਰੇਰਨਾ ਤੇ ਇਹ ਕੁਝ ਲਿਖਿਆ ਹੈ ਜਾਂ ਉਨ੍ਹਾਂ ਦਾ ਆਪਣਾ ਆਸ਼ਾ ਹੈ, ਇਸ ਗੱਲ ਨੂੰ ਉਹੀ ਜਾਣਦੇ ਹਨ, ਪਰ ਜੇ ਉਹ ਗੁਰੂ ਗੋਬਿੰਦ ਸਿੰਘ ਜੀ ਦੀ ਮੁਖਵਾਕ ਬਾਣੀ ਤੇ ਕਿੰਤੂ ਕਰਨ ਸਮੇਂ ਇਨ੍ਹਾਂ ਸ਼ਬਦਾਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਸ਼ਬਦਾਂ ਨਾਲ ਤੁਲਨਾਤਮਕ ਅਧਿਐਨ ਕਰ ਲੈਂਦੇ ਤਾਂ ਕਦੀ ਇਹ ਨਾ ਲਿਖਦੇ।

"ਮਿਤਰ ਪਿਆਰੇ ਨੂੰ" ਸ਼ਬਦ ਵਿਚ ਆਏ 'ਯਾਰੜੇ' ਪਦ ਤੋਂ ਘਬਰਾਉਣ ਸਮੇਂ "ਸੁਣ ਯਾਰ ਹਮਾਰੇ" ਅਥਵਾ "ਯਾਰ ਵੇ ਨਿਤ ਸੁਖ ਸੁਖੇਦੀ" ਆਦਿ ਤੁਕਾਂ ਵਲ ਉਨ੍ਹਾਂ ਨੂੰ ਧਿਆਨ ਦੇਣਾ ਚਾਹੀਦਾ ਸੀ। "ਯਾਰੜੇ ਦਾ ਸਾਨੂੰ ਸਥਰ ਚੰਗਾ ਭਠ ਖੇੜਿਆਂ ਦਾ ਰਹਿਣਾ" ਦਾ ਅਰਥ ਹੈ ਉਸ ਯਾਰੜੇ ਮ੍ਰਿਤ (ਪ੍ਰਭੂ) ਦਾ ਬਖ਼ਸ਼ਿਆ ਇਹ ਸਥਰ (ਮਾਛੀਵਾੜੇ ਦੇ ਜੰਗਲ ਦੀ ਕੰਡਿਆਲੀ ਸੇਜ) ਮੇਰੇ ਲਈ ਚੰਗਾ ਹੈ ਜੋ ਉਸ ਦੀ ਰਜ਼ਾ ਵਿਚ ਪ੍ਰਾਪਤ ਹੋਇਆ ਹੈ। ਇਸ ਦੇ ਮੁਕਾਬਲੇ ਖੁਸ਼ੀਆਂ ਖੇੜਿਆਂ ਵਾਲੇ ਅਸਥਾਨਾਂ ਦਾ ਨਿਵਾਸ ਮੇਰੇ ਲਈ ਭਖਦੇ ਭੱਠ ਦੇ ਸਮਾਨ ਹੈ। ਇਸ ਤੁਕ ਵਿਚ ਆਏ ਦਦੇ ਨੂੰ ਕੰਨਾ ਹੈ; ਜੇ ਲਾਂਵ ਹੋਂਦੀ ਤਾਂ ਅਰਥ ਹੋ ਸਕਦਾ ਸੀ ਖੇੜਿਆਂ ਦੇ ਘਰ ਰਹਿਣਾ ਜਾਂ ਖੇੜਿਆਂ ਦੇ ਕੋਲ ਰਹਿਣਾ। ਪਤਾ ਨਹੀਂ ਗਿਆਨੀ ਜੀ ਨੇ ਹੀਰ ਵਾਲੇ ਖੇੜੇ ਕਿਵੇਂ ਖਿਚ ਧੂਹ ਕੇ ਇਥੇ ਲਿਆ ਵਾੜੇ ਹਨ।

ਹੇਮਕੁੰਟ ਬਾਰੇ ਜੋ ਜ਼ਿਕਰ ਬਚਿਤ੍ਰ ਨਾਟਕ ਵਿਚ ਆਇਆ ਹੈ ਉਹ ਵੀ ਗੁਰੂ ਕਲਗੀਧਰ ਜੀ ਦੀ ਮੁਖਵਾਕ ਰਚਨਾ ਹੈ। ਜੇ ਸੰਸਾਰਕ ਝੰਬੇਲਿਆਂ ਤੋਂ ਇਕਲਵਾਂਜੇ ਹੋ ਕੇ ਗੁਰਸਿਖ ਮਾਈ ਭਾਈ ਉਨ੍ਹਾਂ ਬਰਫ਼ਾਨੀ ਪਹਾੜੀਆਂ ਤੇ ਨਾਮ ਬਾਣੀ ਦੀ ਗੂੰਜ ਪਾਂਦੇ ਹਨ ਅਤੇ ਸ਼ਾਂਤ-ਚਿਤ ਹੋ ਕੇ ਵਾਪਸ ਮੁੜਦੇ ਹਨ ਤਾਂ ਇਸ ਵਿਚ ਮਨਮਤਿ ਵਾਲੀ ਕਿਹੜੀ ਗੱਲ ਹੈ। ਹੇਮਕੁੰਟ ਦੇ ਇਸ ਕਥਨ ਨੂੰ ਕਲਪਿਤ ਕਹਿਣ ਵਾਲੇ ਸਭ ਤੋਂ ਪਹਿਲਾ ਵਿਯਕਤੀ ਡਾ: ਕਰਤਾਰ ਸਿੰਘ ਜੀ ਬਾੜੀ ਵਾਲੇ ਹਨ, ਜਿਨ੍ਹਾਂ ਨੇ ਇਹ ਨਿਰਾਧਾਰ ਬਹਿਸ ਅਰੰਭ ਕੀਤੀ ਹੈ। ਹੇਮਕੁੰਟ ਦੀ ਯਾਤ੍ਰਾ ਕਰਨ ਵਾਲੇ ਗੁਰਸਿਖ ਗੁਰੂ ਕਲਗੀਧਰ ਜੀ ਦੇ ਧਿਆਨ ਅਤੇ ਸ਼ਰਧਾ ਵਿਚ ਹੀ ਉਥੇ ਜਾਂਦੇ ਹਨ, ਕਿਸੇ ਹੋਰ ਦੇ ਨਹੀਂ। ਇਸ ਬਾਰੇ ਵਿਸਥਾਰ ਨਾਲ ਫਿਰ ਕਦੇ ਲਿਖਾਂਗਾ, ਇਸ ਸਮੇਂ ਇਤਨਾ ਹੀ ਕਹਿੰਦਾ ਹਾਂ ਕਿ ਇਹ "ਦਸਮ ਗ੍ਰੰਥ ਨਿਰਣੈ" ਪੁਸਤਕ ਲਾਹੇਵੰਦੀ ਅਤੇ ਭਰੋਸੇਯੋਗ ਨਹੀਂ। ਇਸ ਦਾ ਪੜ੍ਹਨਾ ਪੜ੍ਹਾਉਣਾ ਬੰਦ ਹੋਣਾ ਚਾਹੀਦਾ ਹੈ ਅਤੇ ਅਕਾਲ ਤਖ਼ਤ ਸਾਹਿਬ ਤੋਂ ਇਸ ਦੇ ਵਿਰੁਧ ਹੁਕਮ ਜਾਰੀ ਹੋਣਾ ਚਾਹੀਦਾ ਹੈ।

---

**ਚੰਦਿਆਂ ਬਾਰੇ ਸੂਚਨਾ**—ਜਿਨ੍ਹਾਂ ਪਾਠਕਾਂ ਦੇ ਚੰਦੇ ਜਿਸ ਮਹੀਨੇ ਖਤਮ ਹੁੰਦੇ ਹਨ, ਅਸੀਂ ਉਨ੍ਹਾਂ ਦੇ ਪਰਚਿਆਂ ਦੇ ਪਿਛੇ ਚੰਦਾ ਖਤਮ ਹੋਣ ਦੀ ਮੋਹਰ ਲਾ ਕੇ ਉਨ੍ਹਾਂ ਨੂੰ ਸੂਚਨਾ ਦਿੰਦੇ ਹਾਂ ਅਤੇ ਅਗਲੇ ਮਹੀਨੇ ਦਾ ਪਰਚਾ ਫ਼ਾਲਤੂ ਫਿਰ ਉਸੇ ਤਰ੍ਹਾਂ ਚੰਦਾ ਖ਼ਤਮ ਹੋਣ ਦੀ ਮੋਹਰ ਲਾ ਕੇ ਭੇਜਦੇ ਹਾਂ। ਫਿਰ ਤੀਸਰੀ ਵਾਰ ਛਪਿਆ ਹੋਇਆ ਕਾਰਡ ਭੇਜ ਕੇ ਸੂਚਨਾ ਦਿੰਦੇ ਹਾਂ। ਜੇ ਚੰਦਾ ਫਿਰ ਭੀ ਨਹੀਂ ਪੁਜਦਾ ਤਾਂ ਮਜਬੂਰੀ ਹਾਲਤ ਵਿਚ ਸਾਨੂੰ ਉਸ ਪਾਠਕ ਦਾ ਪਰਚਾ ਬੰਦ ਕਰਨਾ ਪੈਂਦਾ ਹੈ। ਅਸੀਂ ਸਾਰੇ ਪਾਠਕਾਂ ਨੂੰ ਇਹ ਬਿਨੈ ਕਰਦੇ ਹਾਂ ਕਿ ਪਰਚੇ ਤੇ ਪਹਿਲੀ ਵੇਰ ਹੀ ਚੰਦਾ ਖ਼ਤਮ ਹੋਣ ਦੀ ਮੋਹਰ ਪੜ੍ਹ ਕੇ ਆਪਣੇ ਚੰਦੇ ਮਨੀਆਰਡਰ ਕਰਨ ਦੀ ਖੇਚਲ ਕਰਿਆ ਕਰਨ। ਇਸ ਤਰ੍ਹਾਂ ਵਾਧੂ ਡਾਕ ਖ਼ਰਚ ਤੇ ਖੇਚਲ ਹੈ। ਪ੍ਰਦੇਸੀ ਵੀਰ ਵੀ ਇਸ ਵਲ ਖ਼ਾਸ ਧਿਆਨ ਦੇਣ ਜੀ।



www.AKJ.Org

# ਸਾਡੇ ਗੁਰੂ ਗ੍ਰੰਥ ਸਾਹਿਬ

ਲੇਟ ਸ:. ਰਘਬੀਰ ਸਿੰਘ ਜੀ ਬੀਰ ਲਿਖਤ ਲੇਖ
ਜੋ ਯੰਗਮੈਨ ਸਿਖ ਕਲਚਰਲ ਐਸੋਸੀਏਸ਼ਨ, ਰਾਜਿੰਦਰ ਨਗਰ, ਨਵੀਂ ਦਿਲੀ ਨੇ
ਇਕ ਟਰੈਕਟ ਦੇ ਰੂਪ ਵਿਚ ਪ੍ਰਕਾਸ਼ਤ ਕਰ ਕੇ ਵੰਡਿਆ

(੧) ਇਹ ਲੇਖ ਪਾਠਕਾਂ ਦੀ ਗਿਆਤ ਲਈ ਛਾਪਿਆ ਜਾ ਰਿਹਾ ਹੈ। ਇਸ ਬਾਰੇ ਬਿਲਕੁਲ ਦੋ ਰਾਵਾਂ ਨਹੀਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਦਰਸ਼ਕ ਸਤਿਕਾਰ ਗੁਰਬਾਣੀ ਅਨੁਸਾਰ ਜੀਵਨ ਜੀਊਣਾ ਹੈ, ਪਰ ਗੁਰਬਾਣੀ ਨੂੰ ਜੀਵਨ ਵਿਚ ਧਾਰਨ ਕਰਨ ਲਈ ਗੁਰਬਾਣੀ ਦਾ ਸ੍ਰਵਣ ਕਰਨਾ, ਮੰਨਣ ਕਰਨਾ, ਅਤੇ ਹਿਰਦੇ ਵਿਚ ਵਸਾਉਣਾ ਜ਼ਰੂਰੀ ਕਿਰਿਆਵਾਂ ਹਨ। ਸ੍ਰੀ ਗੁਰੂ ਗ੍ਰੰਥ ਜੀ ਦੇ ਸਤਿਕਾਰ ਦੇ ਬਾਕੀ ਅੰਗ, ਜਿਹਾ ਕਿ ਗਦੇਲੇ, ਚੰਦੋਆ, ਚੌਰ ਆਦਿ ਵੀ ਅਤਿ ਜ਼ਰੂਰੀ ਹਨ।

ਗੁਰੂ ਪਾਤਸ਼ਾਹ ਤੋਂ ਸਿਖ ਨੂੰ ਅੰਮ੍ਰਿਤ ਮਿਲਦਾ ਹੈ ਅਤੇ ਉਸ ਦੇ ਜੀਵਨ ਵਿਚ ਅੰਮ੍ਰਿਤ ਸਿੰਜਰਦਾ ਹੈ। ਇਸੇ ਲਈ ਸਿਖ ਸਦਾ ਗੁਰੂ ਤੋਂ ਵਾਰਨੇ ਫੇਰਨੇ ਹੋਣ ਨੂੰ ਤਾਂਘਦਾ ਰਹਿੰਦਾ ਹੈ। ਗੁਰੂ ਕੋਲੋਂ ਸਿੱਖੀ ਦੀ ਦਾਤ ਪ੍ਰਾਪਤ ਕਰਨ ਲਈ ਸੀਸ ਭੇਟ ਕਰਨਾ ਵੀ ਇਕ ਤੁਛ ਜਹੀ ਭੇਟਾ ਹੈ। ਸਿਖ ਤਾਂ ਹਰਦਮ ਲੋਚਦਾ ਹੈ ਕਿ—

ਹਉ ਕਾਟਉ ਕਾਟਿ ਬਾਢਿ ਸਿਰੁ ਰਾਖਉ ਜਿਤੁ ਨਾਨਕ ਸੰਤੁ ਚੜਿ ਆਵੈ ॥੪॥੩॥ (੮੮੧)

ਸਿਖ ਦਾ ਤਨ ਮਨ ਧਨ, ਉਸ ਪਾਸ ਗੁਰੂ ਕੀ ਅਮਾਨਤ ਹੈ ਅਤੇ ਸੱਚਾ ਸਿਖ ਇਨ੍ਹਾਂ ਦਾਤਾਂ ਨੂੰ ਗੁਰੂ ਦੇ ਚਰਨ-ਕੰਵਲਾਂ ਤੋਂ ਨਿਛਾਵਰ ਕਰਨ ਵਿਚ ਆਪਣੇ ਧੰਨ ਭਾਗ ਸਮਝਦਾ ਹੈ।

(੨) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਦ-ਪਦਵੀ ਓਹੋ ਹੀ ਹੈ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਬਾਕੀ ਗੁਰੂ ਸਾਹਿਬਾਨ ਦੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਸ਼ਬਦ-ਸਰੂਪ ਸਤਿਗੁਰੂ ਹਨ। ਹਜ਼ੂਰ ਦੇ ਸਬੰਧ ਵਿਚ ਬੁੱਤਾਂ ਦੀ ਜਾਂ ਬੁੱਤ-ਪ੍ਰਸਤੀ ਦਾ ਹਵਾਲਾ ਦੇਣਾ ਅਨੁਚਿਤ ਹੈ ਅਤੇ ਅਨਜਾਣ-ਪੁਣਾ ਹੈ। ਗੁਰੂ ਪਾਤਸ਼ਾਹ ਨੂੰ ਕੀਮਤੀ ਰੁਮਾਲੇ ਅਰਪਨ ਕਰਨੇ, ਫੁੱਲ ਭੇਟ ਕਰਨੇ, ਚੌਰ ਕਰਨੀ, ਮੱਥਾ ਟੇਕਣਾ ਆਦਿ ਸਭ ਕਿਰਿਆਵਾਂ ਗੁਰੂ-ਪਿਆਰ ਪਾਉਣ ਅਤੇ ਗੁਰੂ-ਸਤਿਕਾਰ ਵਿਚ ਸ਼ਰਧਾ ਵਧਾਉਣ ਦਾ ਵਸੀਲਾ ਹਨ। ਇਹ ਸਭ ਕੁਝ ਸਾਡੇ ਆਪਣੇ ਅੰਦਰ ਅਤੇ ਸਾਡੀਆਂ ਨਸਲਾਂ ਦੇ ਦਿਲਾਂ ਅੰਦਰ ਅਦਬ-ਸਤਿਕਾਰ ਉਤਪੰਨ ਕਰਨ ਲਈ ਲੋੜੀਂਦਾ ਹੈ। ਅਦਬ ਕਰਨਾ, ਹੁਕਮ ਮੰਨਣ ਦੇ ਰਾਹ ਵਿਚ ਪਹਿਲਾ ਪੜਾਅ ਹੈ। ਇਸ ਪੜਾਅ ਤੇ ਪੁਜੇ ਬਗੈਰ ਅਗਲੀ ਮੰਨਜ਼ਲ ਤੇ ਪੁਜਿਆ ਜਾਣਾ ਅਸੰਭਵ ਹੈ। ਸਤਿਕਾਰ ਕਰਨਾ ਅਤੇ ਹੁਕਮ ਮੰਨਣਾ ਆਪਸ ਵਿਚ ਪਰਸਪਰ ਸਹਾਇਕ ਕਰਮ ਹਨ। ਹੁਕਮ ਮੰਨਣ ਉਤੇ ਜ਼ੋਰ ਦਿਤਾ ਜਾਣਾ ਸ਼ਲਾਘਾ ਯੋਗ ਹੈ, ਪਰ ਅਦਬ ਸਤਿਕਾਰ ਲਈ ਕੀਤੇ ਜਾਣ ਵਾਲੇ ਸਾਰੇ ਕਰਮ ਆਪੋ ਆਪਣੀ ਥਾਵੇਂ ਜ਼ਰੂਰੀ ਅਤੇ ਲੋੜੀਂਦੇ ਹਨ। ਇਨ੍ਹਾਂ ਨੂੰ ਫੋਕਟ ਕਰਮ-ਕਾਂਡਾਂ ਨਾਲ ਤੁਲਨਾ ਨਹੀਂ ਦਿਤੀ ਜਾ ਸਕਦੀ।

ਏਸੇ ਤਰ੍ਹਾਂ ਸਿਖੀ ਨੂੰ ਹਿਰਦੇ ਵਿਚ ਧਾਰ ਕੇ ਗੁਰਮਤਿ ਅਨੁਸਾਰ ਜੀਵਨ ਜੀਊਣਾ ਹੀ ਅੰਤਮ ਟੀਚਾ ਹੈ, ਪਰ ਇਸ ਟੀਚੇ ਤੇ ਪੁਜਣ ਲਈ ਬਾਹਰਲੀ ਸਰੀਰਕ ਰਹਿਤ ਬਹਿਤ, ਜਿਹਾ ਕਿ ਪੰਜ ਕਕਾਰੀ ਰਹਿਤ ਰਖਣੀ, ਦਾੜ੍ਹਾ ਸਾਬਤ-ਸੂਰਤ ਅਤੇ ਪ੍ਰਕਾਸ਼ ਰਖਣਾ ਅਤੀ ਜ਼ਰੂਰੀ ਅਤੇ ਸਹਾਇਕ ਕਰਮ ਹਨ। ਬਾਹਰਮੁਖੀ ਰਹਿਤ ਅੰਦਰਲੀ ਰਹਿਤ ਦਾ ਬੈਰੋਮੀਟਰ ਹੈ।

ਏਨਾ ਲੰਮਾ ਨੋਟ ਉਸ ਵਪਲੇ ਨੂੰ ਦੂਰ ਕਰਨ ਲਈ ਦਿਤਾ ਜਾ ਰਿਹਾ ਹੈ ਜੋ ਇਸ ਲੇਖ ਨੂੰ ਅਤੇ ਲੇਖ ਦੇ ਸਿਰਲੇਖ ਨੂੰ ਪੜ੍ਹਨ ਉਤੇ ਪਾਠਕਾਂ ਨੂੰ ਲਗਣ ਦੀ ਸੰਭਾਵਨਾ ਹੋ ਸਕਦੀ ਹੈ।

—ਸੰਪਾਦਕ

www.AKJ.Org

ਅਗਰ ਅਸੀਂ ਆਪਣੇ ਪਿਤਾ ਦੇ ਗਲ ਵਿਚ ਤਾਂ ਹਾਰ ਪਾਈਏ, ਉਸ ਨੂੰ ਪੱਖੇ ਝਲੀਏ, ਉਸ ਦੇ ਚਰਨਾਂ ਤੇ ਮੱਥੇ ਟੇਕੀਏ, ਪਰ ਉਸ ਦੀ ਗੱਲ ਨਾ ਮੰਨੀਏ, ਉਸ ਦੇ ਕਹਿਣ ਦੀ ਪਰਵਾਹ ਨਾ ਕਰੀਏ ਤਾਂ ਸਾਡੇ ਪਿਤਾ ਦਾ ਸਾਡੇ ਵਾਸਤੇ ਕੀ ਖਿਆਲ ਹੋਵੇਗਾ ? ਅਗਰ ਕੋਈ ਮਿੱਤਰ ਸਾਨੂੰ ਕੁਝ ਚੀਜ਼ਾਂ ਭੇਜਣ ਵਾਸਤੇ ਲਿਖੇ ਅਤੇ ਅਸੀਂ ਉਸ ਨੂੰ ਉਹ ਚੀਜ਼ਾਂ ਤਾਂ ਭੇਜੀਏ ਨਾ, ਪਰ ਉਸ ਦੀ ਚਿੱਠੀ ਨੂੰ ਘੁਟ ਘੁਟ ਗਲ ਨਾਲ ਲਾਈਏ, ਰੁਮਾਲਾਂ ਵਿਚ ਲਪੇਟ ਲਪੇਟ ਰਖੀਏ ਤਾਂ ਉਸ ਮਿੱਤਰ ਦੀ ਸਾਡੇ ਬਾਰੇ ਕੀ ਰਾਏ ਹੋਵੇਗੀ ?

ਗੁਰਬਾਣੀ ਸਬੰਧੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅੰਤਮ ਫੈਸਲੇ ਅਨੁਸਾਰ :

> ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ । ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗਰੰਥ । ਗੁਰੂ ਗਰੰਥ ਜੀ ਮਾਨੀਓਂ ਪ੍ਰਗਟ ਗੁਰਾਂ ਕੀ ਦੇਹ । ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮੈ ਲੇਹ ।

ਸਿੱਖਾਂ ਵਿਚ ਆਤਮਕ ਰਹਿਨੁਮਾਈ ਦਾ, ਜੀਵਨ-ਭੇਤ ਨੂੰ ਸਮਝਣ ਦਾ, ਪਰਮ ਪਦ ਨੂੰ ਪ੍ਰਾਪਤ ਕਰਨ ਦਾ ਵਸੀਲਾ, ਦੀਨ ਦੁਨੀਆ ਦੀ ਟੇਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ।

ਗੁਰੂ ਗ੍ਰੰਥ ਜੀ ਦੀ ਜ਼ਾਹਿਰਾ ਤੌਰ ਉਤੇ ਸਿੱਖਾਂ ਨੂੰ ਇਜ਼ਤ ਕਰਦਿਆਂ ਜੇਕਰ ਦੇਖਿਆ ਜਾਵੇ, ਤਾਂ ਯਕੀਨ ਹੋ ਜਾਂਦਾ ਹੈ ਕਿ ਸਿੱਖਾਂ ਵਿਚ ਗੁਰੂ ਗ੍ਰੰਥ ਜੀ ਦਾ ਰੁਤਬਾ ਸਚੀ ਮੁਚੀ ਉਹੋ ਹੈ, ਜਿਹੜਾ ਕਿ ਗੁਰੂ ਦੇ ਬਚਨ, ਗੁਰਬਾਣੀ ਜਾਂ ਗੁਰ ਉਪਦੇਸ਼ ਦਾ ਹੋਣਾ ਚਾਹੀਦਾ ਹੈ । ਰੇਸ਼ਮੀ, ਮਖਮਲੀ ਤੇ ਰੰਗੀਲੇ ਰੁਮਾਲਾਂ ਵਿਚ ਲਪੇਟਣਾ, ਫੁਲਾਂ ਨਾਲ ਸਜਾਣਾ, ਇਕ ਜਗ੍ਹਾ ਤੋਂ ਦੂਸਰੀ ਜਗ੍ਹਾ ਸਿਰ ਤੇ ਚੁਕ ਕੇ ਲੈ ਜਾਣਾ, ਲੈ ਜਾਣ ਸਮੇਂ ਰਸਤੇ ਵਿਚ ਸਿੱਖਾਂ ਦਾ ਨੰਗੇ ਪੈਰੀਂ ਤੁਰਨਾ, ਚੌਰ ਝੁਲੌਣੇ, ਮੱਥੇ ਟੇਕਣੇ, ਹਜ਼ੂਰੀ ਵਿਚ ਖਲੋ ਕੇ ਅਰਦਾਸਾਂ ਕਰਨੀਆਂ, ਸਭ ਕੁਝ ਜ਼ਾਹਿਰ ਕਰਦਾ ਹੈ ਕਿ ਸਿੱਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਿਆਈ ਸਬੰਧੀ ਆਖ਼ਰੀ ਫ਼ੈਸਲੇ ਉਤੇ ਖ਼ੂਬ ਫੁਲ ਚੜ੍ਹਾਏ ਹਨ ।

ਪਰ ਏਸ ਸਾਰੀ ਜ਼ਾਹਿਰਾ ਇਜ਼ਤ ਦੀ ਤਹਿ ਵਿਚ ਧਿਆਨ ਨਾਲ ਦੇਖਿਆਂ ਸਾਨੂੰ ਪਤਾ ਲਗਦਾ ਹੈ ਕਿ ਇਹ ਸਭ ਕੁਝ ਲਗਪਗ ਸੌ ਵਿਚੋਂ ਪਚਾਨਵੇਂ ਸਿੱਖ ਇਕ ਰਸਮ ਕਰਕੇ ਕਰੀ ਜਾਂਦੇ ਹਨ ਅਤੇ ਉਹਨਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਸੀ ਆਤਮਕ ਸਚਾਈ, ਆਤਮਕ ਅਸੂਲਾਂ, ਆਤਮਕ ਜੀਵਨ ਦੀ ਕੁਝ ਖ਼ਬਰ ਨਹੀਂ ।

ਆਮ ਸਿੱਖ ਗੁਰੂ ਗ੍ਰੰਥ ਜੀ ਉਤੋਂ ਰੁਮਾਲ ਲਾਹ ਕੇ ਉਸ ਵਿਚ ਦੱਸੀ ਜੀਵਨ-ਜਾਚ ਨੂੰ ਸਮਝਣ ਦੀ ਖੇਚਲ ਨਹੀਂ ਕਰਦੇ । ਸਿੱਖਾਂ ਦੇ ਆਮ ਗ੍ਰੰਥੀ, ਪ੍ਰਚਾਰਕ ਤੇ ਰਾਗੀ ਗੁਰੂ ਗ੍ਰੰਥ ਸਾਹਿਬ ਦੇ ਨਜ਼ਦੀਕ ਰਹਿੰਦਿਆਂ ਹੋਇਆਂ ਵੀ ਆਪਣੇ ਅਮਲੀ ਜੀਵਨ ਵਿਚ ਉਸ ਤੋਂ ਪੂਰੀ ਨਾਵਾਕਫੀ ਸਾਬਤ ਕਰਦੇ ਹਨ । ਸਿੱਖਾਂ ਦੀ ਭਾਰੀ ਬਹੁ-ਗਿਣਤੀ ਦੀ ਜ਼ਿੰਦਗੀ ਉਸ ਤਰ੍ਹਾਂ ਦੀ ਨਹੀਂ ਜਿਵੇਂ ਗੁਰੂ ਗ੍ਰੰਥ ਸਾਹਿਬ ਵਿਚ ਸਿੱਖ ਜੀਵਨ ਦਾ ਜ਼ਿਕਰ ਹੈ । ਸਿੱਖ ਉਸ ਤਰ੍ਹਾਂ ਦਾ ਜੀਵਨ ਬਤੀਤ ਨਹੀਂ ਕਰਦੇ, ਜਿਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀਵਨ ਬਤੀਤ ਕਰਨ ਵਾਸਤੇ ਪਰੇਰਦੇ ਹਨ, ਸਿੱਖ ਉਸ ਤਰ੍ਹਾਂ ਨਹੀਂ ਤੱਕਦੇ, ਜਿਵੇਂ ਗੁਰੂ ਗ੍ਰੰਥ ਜੀ ਨਾਲ ਪਿਆਰ ਕਰਨ ਵਾਲੇ ਨੂੰ ਤੱਕਣਾ ਚਾਹੀਦਾ ਹੈ, ਸਿੱਖਾਂ ਦੇ ਦਿਲ ਵਿਚ ਉਸ ਤਰ੍ਹਾਂ ਦੀ ਹਰਕਤ ਨਹੀਂ ਹੁੰਦੀ, ਜਿਵੇਂ ਰੱਬ ਦੇ ਪਿਆਰੇ, ਸੱਚ ਦੇ ਆਸ਼ਕ, ਗੁਰਮੁਖ ਦੇ ਦਿਲ ਵਿਚ ਹੋਣੀ ਚਾਹੀਦੀ ਹੈ ।

ਸਾਡੀ ਰਾਇ ਵਿਚ ਉਤੋਂ ਗੁਰੂ ਗ੍ਰੰਥ ਸਾਹਿਬ ਦੀ ਇਤਨੀ ਇਜ਼ਤ ਤੇ ਵਿਚੋਂ ਉਸ ਦੇ ਉਪਦੇਸ਼ਾਂ ਤੋਂ ਇਤਨੀ ਬੇ-ਪ੍ਰਵਾਹੀ ਸਿੱਖ ਕੌਮ ਦੀ ਮੌਜੂਦਾ ਗਿਰਾਵਟ ਦਾ ਸਭ ਤੋਂ ਵਡਾ ਕਾਰਨ ਹੈ ।

ਆਮ ਸਿੱਖਾਂ ਦੀਆਂ ਅੱਜ ਕਲ ਦੋ ਜ਼ਿੰਦ-ਗੀਆਂ ਹਨ: ਇਕ ਜ਼ਾਹਿਰਾ, ਦੂਜੀ ਅਸਲੀ । ਜ਼ਾਹਿਰਾ ਜ਼ਿੰਦਗੀ ਵਿਚ ਉਹ ਪੰਜ ਕਕਾਰ ਧਾਰਨ ਕਰਦਾ



www.AKJ.Org

ਹੈ, ਦਾੜ੍ਹੀ ਲੰਬੀ ਰਖਦਾ ਹੈ, ਗੁਰੂ ਗ੍ਰੰਥ ਸਾਹਿਬ ਜੀ ਅਗੇ ਮੱਥੇ ਟੇਕਦਾ ਅਤੇ ਅਰਦਾਸਾਂ ਕਰਦਾ ਹੈ, ਆਪਣੇ ਆਪ ਨੂੰ ਸਿੱਖ ਆਖਦਾ ਤੇ ਅਖਵਾਂਦਾ ਹੈ, ਪਰ ਉਸ ਦੀ ਅੰਦਰੂਨੀ ਤੇ ਅਸਲੀ ਜ਼ਿੰਦਗੀ ਉਤੇ ਏਸ ਬਾਹਰ ਦੀ ਕਿਰਿਆ ਦਾ ਕੋਈ ਅਸਰ ਨਹੀਂ ਹੁੰਦਾ। ਉਸ ਦੀ ਬਾਹਰਲੀ ਤੇ ਅੰਦਰਲੀ ਜ਼ਿੰਦਗੀ ਦਾ ਆਪਸ ਵਿਚ ਕੋਈ ਸਬੰਧ ਨਹੀਂ ਹੁੰਦਾ।

ਗੁਰੂ ਗੋਬਿੰਦ ਸਿੰਘ ਜੀ ਦਾ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਦਾ ਇਹ ਭਾਵ ਤਾਂ ਹਰਗਿਜ਼ ਨਹੀਂ ਸੀ ਕਿ ਸਿੱਖ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਨੂੰ ਰੁਮਾਲਾਂ ਤੇ ਫੁਲਾਂ ਹੇਠ ਲੁਕਾ ਕੇ ਇਸ ਦੀ ਉਸ ਤਰ੍ਹਾਂ ਦੀ ਪੂਜਾ ਸ਼ੁਰੂ ਕਰ ਦੇਣ, ਜਿਸ ਤਰ੍ਹਾਂ ਠਾਕਰਾਂ ਦੀ ਪੂਜਾ, ਪੂਜਾ ਦੇ ਖਾਸ ਸਮੇਂ ਉਤੇ ਇਕ ਬੁਤਪ੍ਰਸਤ ਹਿੰਦੂ ਕਰਦਾ ਹੈ ਅਤੇ ਉਸ ਪੂਜਾ ਤੋਂ ਮਗਰੋਂ ਠਾਕਰਾਂ ਦਾ ਆਪਣੀ ਜ਼ਿੰਦਗੀ, ਕਾਰੋਬਾਰ ਤੇ ਰਹਿਣੀ ਬਹਿਣੀ ਨਾਲ ਕੋਈ ਵਾਸਤਾ ਨਹੀਂ ਸਮਝਦਾ।

ਗੁਰੂ ਗੋਬਿੰਦ ਸਿੰਘ ਜੀ ਅਣਖੀ ਗੁਰੂ ਸਨ। ਖ਼ੁਸ਼ਾਮਦ, ਚਾਪਲੂਸੀ ਤੇ ਜ਼ਾਹਿਰਦਾਰੀ ਨੂੰ ਬੁਰਾ ਸਮਝਦੇ ਸਨ। ਉਨ੍ਹਾਂ ਨੇ ਜੈਸੀ ਅਮਲੀ ਇਜ਼ਤ ਆਪਣੀ ਜ਼ਿੰਦਗੀ ਵਿਚ ਆਪ ਕਰਵਾਈ, ਉਸ ਤਰ੍ਹਾਂ ਦੀ ਅਮਲੀ ਇਜ਼ਤ ਹੀ ਆਪਣੇ ਬਾਅਦ ਗੁਰੂ ਗ੍ਰੰਥ ਸਾਹਿਬ ਦੀ ਕਰਾਣੀ ਚਾਹੁੰਦੇ ਸਨ। ਗੁਰੂ ਦੇ ਹੁਕਮ, ਗੁਰੂ ਬਚਨ, ਗੁਰੂ ਦੇ ਉਪਦੇਸ਼ਾਂ ਦੀ ਸਿਰਫ ਜ਼ਾਹਿਰਾ ਤੌਰ ਤੇ ਪੂਜਾ ਕਰਨੀ ਅਤੇ ਉਸ ਸਿਖਿਆ ਨੂੰ, ਉਸ ਹੁਕਨ ਨੂੰ, ਉਸ ਉਪਦੇਸ਼ ਨੂੰ, ਆਪਣੇ ਜੀਵਨ ਵਿਚ ਨਾ ਘਟਾਣਾ, ਅਮਲ ਵਿਚ ਨਾ ਲਿਆਣਾ, ਗੁਰੂ ਨਾਲ ਬੇ-ਇਨਸਾਫ਼ੀ ਕਰਨੀ, ਪ੍ਰੇਮ ਨੂੰ ਮਖ਼ੌਲ ਕਰਨਾ ਤੇ ਗੁਰਸਿਖੀ ਦੇ ਸ਼ਾਨਦਾਰ ਇਤਿਹਾਸ ਨੂੰ ਸ਼ਰਮਿੰਦਾ ਕਰਨਾ ਹੈ। ਗੁਰੂ ਗੋਬਿੰਦ ਸਿੰਘ ਕਲਗੀਆਂ ਵਾਲਾ ਪਾਤਸ਼ਾਹ, ਧਰਮ ਤੇ ਕੁਰਬਾਨੀ ਦਾ ਪੁੰਜ ਸਤਿਗੁਰੂ, ਸਾਡੇ ਏਸ ਤਰ੍ਹਾਂ ਦੇ ਸਲੂਕ ਦੇ ਯੋਗ ਨਹੀਂ। ਐ ਗੁਰੂ ਕੇ ਸਿੱਖ! ਅੱਖ ਖੋਲ੍ਹ ਤੇ ਦੇਖ ਕਿ ਤੂੰ ਕੀ ਕਰ ਰਿਹਾ ਹੈਂ?

'ਸੇਵਕ ਸਿਖ ਪੂਜਣ ਸਭਿ ਆਵਹਿ,
ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ,
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ
ਕਰਿ ਮਾਨੀ।'

[ਧਨਾਸਰੀ ਮ: ੪, ਪੰਨਾ ੬੬੯

---

# ਮੋਹਨਪੁਰ (ਖੰਨਾ) ਵਿਖੇ ਰੈਣ-ਸਬਾਈ ਕੀਰਤਨ

ਬਿਨੈ ਹੈ ਕਿ ਦਾਸਾਂ ਦੇ ਗ੍ਰਿਹਿ ਵਿਖੇ ੯ ਅਪ੍ਰੈਲ ਸ਼ਨੀਵਾਰ ਸਵੇਰੇ ਸ੍ਰੀ ਅਖੰਡ ਪਾਠ ਦੇ ਭੋਗ ਪੈਣਗੇ ਅਤੇ ਸ਼ਾਮ ਨੂੰ ੮ ਵਜੇ ਰੈਣ-ਸਬਾਈ ਕੀਰਤਨ ਆਰੰਭ ਹੋ ਕੇ ਐਤਵਾਰ ਸਵੇਰੇ ੬ ਵਜੇ ਭੋਗ ਪੈਣਗੇ। ਸਮੂੰਹ ਸੰਗਤਾਂ ਦਰਸ਼ਨ ਦੀਦਾਰੇ ਬਖ਼ਸ਼ ਕੇ ਨਿਵਾਜੋ ਜੀ।

ਮੋਹਨਪੁਰ ਜੀ. ਟੀ. ਰੋਡ ਉਤੇ ਖੰਨੇ ਤੋਂ ੪ ਮੀਲ ਲੁਧਿਆਣੇ ਵਾਲੇ ਪਾਸੇ ਹੈ।

ਦਾਸਰਾ—ਬਲਦੇਵ ਸਿੰਘ, ਮੋਹਨਪੁਰ ਬਰਾਸਤਾ ਖੰਨਾ

---

**ਸਿਖ ਧਰਮ ਤੇ ਮਾਸ ਸ਼ਰਾਬ** ਪੁਸਤਕ ਵਿਚ ਗੁਰਬਾਣੀ, ਗੁਰ ਇਤਿਹਾਸ, ਰਹਿਤ-ਨਾਮਿਆਂ, ਹੁਕਮਨਾਮਿਆਂ ਅਤੇ ਹੋਰ ਅਨੇਕਾਂ ਹਵਾਲਿਆਂ ਰਾਹੀਂ ਵਿਸਥਾਰ ਸਹਿਤ ਵਿਚਾਰ ਦਿਤੇ ਗਏ ਹਨ।

ਸਜਿਲਦ ਭੇਟਾ ਤਿੰਨ ਰੁਪਏ



www.AKJ.Org

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ

# ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ

[ ਵਲੋਂ :—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਓੜਕ ਇਕ ਦਿਨ (੪ ਅਕਤੂਬਰ ੧੯੩੦) ਆ ਗਿਆ ਕਿ ਆਥਣ ਦੇ ਛੇ ਵਜੇ ਦੇ ਕਰੀਬ ਮੇਰੀ ਰਿਹਾਈ ਦੇ ਸ਼ਾਦੀਆਨੇ ਜੇਲ੍ਹ ਵਿਚ ਵਜ ਗਏ। ਅਸੀਂ ਕੋਠੀ ਵਿਚ ਅੰਦਰ ਬੈਠੇ ਆਨੰਦ ਮਾਣ ਰਹੇ ਸਾਂ, ਕੀ ਦੇਖਦੇ ਹਾਂ ਕਿ ਕਈ ਦੇਸ਼-ਭਗਤ ਵੀਰ ਵਾਹੋ-ਦਾਹ ਭਜੇ ਚਲੇ ਆ ਰਹੇ ਹਨ। ਸਭ ਤੋਂ ਪਹਿਲੋਂ ਅਤੇ ਮੂਹਰੇ ਆ ਕੇ ਵੀਰ ਗਜਨ ਸਿੰਘ (ਮਾਸਟਰ) ਨੇ ਆਣ ਵਧੱਾਈਆਂ ਸੁਣਾਈਆਂ ਤੇ ਕਹਿਣ ਲਗਾ—ਭਾਈ ਸਾਹਿਬ, ਤੁਹਾਡੀ ਰਿਹਾਈ ਦਾ ਪਰਵਾਨਾ ਆ ਗਿਆ, ਚਲੋ, ਉਠੋ ਤਿਆਰ ਹੋ ਜਾਓ। ਇਕ ਆਨ ਵਿਚ ਸਾਰੇ ਦੇਸ਼-ਭਗਤ ਭਰਾ ਮੇਰੇ ਗਿਰਦ ਆਣ ਇਕੱਠੇ ਹੋਏ, ਪਰਵਾਨਾ ਪੜ੍ਹ ਪੜ੍ਹ ਮੈਨੂੰ ਸੁਨਾਉਣ ਅਤੇ ਗਦ ਗਦ ਹੋ ਜਾਣ।

ਦਾਸ ਨੂੰ ਏਤਨੀ ਰਿਹਾਈ ਦੀ ਖੁਸ਼ੀ ਨਾ ਆਵੇ ਜਿਤਨਾ ਕਿ ਵੀਰ ਕਰਤਾਰ ਸਿੰਘ ਸਾਰਖੇ ਸਹੋਦਰ ਵੀਰਾਂ ਦਾ ਵਿਜੋਗ-ਵਿਛੋੜਾ ਹਿਰਦੇ ਨੂੰ ਬਿਹਬਲ ਫ਼ਿਕਰ ਕਰ ਜਾਵੇ। ਮੈਂ ਤਾਂ ਇਹਨਾਂ ਦੁਚਿੱਤੀਆਂ ਦੁਰੁਖੀਆਂ ਵਿਚ ਫਾਥਾ ਸੁੰਨ ਮਸੁੰਨ ਹੁੰਦਾ ਜਾਵਾਂ ਅਤੇ ਵੀਰ ਜਨ ਮੇਰੇ ਦੁਆਲੇ ਹੋ ਕੇ ਮੇਰੀ ਵਿਦਾਇਗੀ ਦੀਆਂ ਪ੍ਰੇਮ ਮਿਲਉਣੀਆਂ ਆ ਮਿਲੀਵਣ। ਜੇਲ੍ਹ-ਦੂਤ ਜੇਲ੍ਹੋਂ ਬਾਹਰ ਨਿਕਾਲਣ ਲਈ ਅਤੇ ਰਿਹਾਈ ਦੀ ਆਇਸ ਵਿਚ ਲੈ ਜਾਣ ਲਈ ਤਹੂ ਹੋਏ ਖੜੋਤੇ ਅਤੇ ਮੇਰਾ ਪੈਰ ਪੁਟਣ ਨੂੰ ਜੀਅ ਨਾ ਕਰੇ। ਜੀਉ ਤਾਂ ਪਿਆਰਿਆਂ ਦੇ ਪਿਆਰ ਵਿਜੋਗ ਅਹਿਸਾਸ ਵਿਚ ਪੈਖੜਿਆ ਪਿਆ ਸੀ। ਓੜਕ ਮੈਨੂੰ ਲੈ ਦੇ ਕੇ ਸਭਸ ਨੇ ਰਿਹਾ ਹੋ ਜਾਣ ਲਈ ਤਿਆਰਾ ਕਰਾ ਹੀ ਦਿਤਾ। ਪਿਆਰਿਆਂ ਨਾਲ ਨਦੀਆਂ ਵਾਹ ਵਿਛੁੰਨੀਆਂ ਵਾਲੇ ਵਿਜੋਗ ਦੀਆਂ ਗਲਜਫੜੀਆਂ ਪਾ ਪਾ ਕੇ ਸਜਲ ਨੇਤ੍ਰਾਂ ਨੂੰ ਲੈ ਕੇ ਵਿਦਾ ਹੋਇਆ। ਜੇਲ੍ਹ ਸੈਂਟਰ ਦੇ ਬੁਰਜ ਦੇ ਬਰਾਬਰ ਪੁਜੇ ਤਾਂ ਅਗਾਂਹ ਹਸੂੰ ਹਸੂੰ ਕਰਦਾ ਦਰੋਗਾ ਮਿਲਿਆ, ਜੋ ਕਿ ਮੇਰੇ ਵਲ ਅਗੋਂ ਹੀ ਆ ਰਿਹਾ ਸੀ। ਮੈਨੂੰ ਦੇਖਣ ਸਾਰ ਰਿਹਾਈ ਦੀਆਂ ਵਧਾਈਆਂ ਦਿਤੀਆਂ। ਮੈਂ ਵਧਾਈਆਂ ਤਾਂ ਸੁਣੀਆਂ ਅਣ-ਸੁਣੀਆਂ ਹੀ ਕਰ ਦਿਤੀਆਂ ਅਤੇ ਉਸ ਨੂੰ ਆਖਿਆ ਕਿ ਹੁਣ ਤੁਹਾਡੇ ਬਚਨ* ਦੇ ਪੂਰਾ ਕਰਨ ਦਾ ਵੇਲਾ ਭੀ ਆ ਗਿਆ ਹੈ, ਸੋ ਮੌਕਾ ਸੰਭਾਲੋ। ਹੱਸ ਕੇ ਕਹਿਣ ਲਗਾ ਕਿ ਭਗਤ ਸਿੰਘ ਦੀ ਮੁਲਾਕਾਤ ਵਾਲਾ, ਮੈਂ ਅਗੇ ਹੀ ਸਭ ਬੰਦੋ-ਬਸਤ ਕਰ ਲਿਆ ਹੈ। ਦੋ ਘੰਟੇ ਦੀ ਖੁਲ੍ਹੀ ਮੁਲਾਕਾਤ ਕਰੋ, ਮੈਂ ਆਖਿਆ, ਮਨਜ਼ੂਰੀ ਲੈ ਲਈ ਹੈ? ਕੀ ਸੁਪ੍ਰਟੈਂਡੰਟ ਸਾਹਿਬ ਤੋਂ ਪੁਛ ਲਿਆ ਹੈ?

ਦਰੋਗਾ—ਉਸ ਤੋਂ ਮੈਂ ਕੀ ਪੁਛਣਾ ਸੀ, ਸਗੋਂ ਸੁਪ੍ਰਿੰਟੈਂਡੰਟ ਆਪ ਮੈਨੂੰ ਪੁਛਣ ਦੀ ਪਰੇਸ਼ਾਨੀ ਵਿਚ ਹੈਰਾਨ ਹੋਇਆ ਫਿਰਦਾ ਸੀ। ਜਦੋਂ ਤੁਹਾਡੀ ਰਿਹਾਈ ਆਈ ਤਾਂ ਸੁਪ੍ਰਿੰਟੈਂਡੰਟ ਨੇ ਆਪ ਮੈਨੂੰ ਬੁਲਾਇਆ ਅਤੇ ਫਿਕਰਮੰਦ ਹੋ ਕੇ ਪੁਛਿਆ ਕਿ ਕੋਈ ਬਿਧ ਬਣਾਉ ਕਿ ਰਿਹਾਈ ਚੁਪ ਚੁਪਾਤੇ ਹੋ ਜਾਏ। ਬਾਹਰ ਰਿਹਾਈ ਦੇ ਉਡੀਕਵਾਨਾਂ ਦੀਆਂ ਪਿਕਟਾਂ ਲਗੀਆਂ ਰਹਿੰਦੀਆਂ ਹਨ। ਜੇਲ੍ਹੋਂ ਨਿਕਲਦੇ ਹੀ ਕਣਸੋ ਫਿਰ ਗਈ, ਤਾਂ ਜਲੂਸਾਂ ਦੇ ਘਮਸਾਣ ਝੱਲੇ ਨਹੀਂ ਜਾਣੇ,

---

†ਸਾਨੂੰ ਦਰੋਗੇ ਤੋਂ ਭਗਤ ਸਿੰਘ ਦੀ ਮੁਲਾਕਾਤ ਲਈ ਇਸ ਵਾਸਤੇ ਬਚਨ ਲੈਣਾ ਪਿਆ ਕਿਉਂਕਿ ਭਗਤ ਸਿੰਘ ਨੇ ਸਾਨੂੰ ਬਾਬੇ ਚੂਹੜ ਸਿੰਘ ਦੇ ਹਥੀਂ ਸੁਨੇਹਾ ਭੇਜਿਆ ਸੀ ਕਿ ਮੈਂ ਭਾਈ ਸਾਹਿਬ ਨਾਲ ਮੁਲਾਕਾਤ ਕਰਨੀ ਹੈ। ਮੈਂ ਉਤਰ ਵਿਚ ਕਹਿ ਭੇਜਿਆ ਸੀ ਕਿ ਤੇਰੀ ਕੇਸਾਂ ਵਾਲੀ ਪਹਿਲੀ ਤਸਵੀਰ ਅਸੀਂ ਦੇਖੀ ਹੋਈ ਹੈ, ਅਸੀਂ ਓਸ ਸ਼ਕਲ ਤੋਂ ਬਿਨਾਂ ਕੇਸ-ਹੀਣ ਸ਼ਕਲ ਦੇ ਦਰਸ਼ਨ ਕਰਨਾ ਨਹੀਂ ਚਾਹੁੰਦੇ। ਏਸ ਪਰ ਉਹ ਇਹ ਸੁਣ ਕੇ ਰੋ ਪਿਆ ਤੇ ਉਸ ਨੇ ਬਾਬੇ ਚੂਹੜ ਸਿੰਘ ਜੀ ਨੂੰ ਕਿਹਾ ਕਿ ਉਹ ਜੋ ਕੁਝ ਮੈਨੂੰ ਕਹਿਣਗੇ, ਮੈਂ ਮੰਨਾਂਗਾ, ਪਰ ਉਹ ਮੈਨੂੰ ਮਿਲਣ ਜ਼ਰੂਰ। ਬਾਬਾ ਚੂਹੜ ਸਿੰਘ ਜੀ ਦੇ ਮੁੜ ਸਾਨੂੰ ਦਸਣ ਪਰ ਸਾਨੂੰ ਉਸ ਦੇ ਮਿਲਣ ਦਾ ਖ਼ਿਆਲ ਹੋਇਆ।



www.AKJ.Org

ਬੜੀ ਬਦਨਾਮੀ ਹੋਵੇਗੀ। ਜੇਲ੍ਹ ਕਰਮਚਾਰੀਆਂ ਨੂੰ ਭੀ ਗਵਰਨਮੈਂਟ ਦੀ ਹਦਾਇਤ ਹੈ ਕਿ ਬੇਖ਼ਬਰੀ ਅਤੇ ਚੁਪ-ਚੁਪਾਤੀ ਰਿਹਾਈ ਹੋਵੇ। ਤੁਸੀਂ ਕਈਆਂ ਦਿਨਾਂ ਦੇ ਦੇਖ ਰਹੇ ਹੋ ਕਿ ਕਿਵੇਂ ਬਾਹਰ ਰਿਹਾਈ ਕਣਸੋਊਆਂ ਦੀਆਂ ਸਾਰਾ ਸਾਰਾ ਦਿਨ ਪਿਕਟਾਂ ਲਗੀਆਂ ਰਹਿੰਦੀਆਂ ਹਨ। ਦਿਨ ਛਿਪੇ ਤਾਈਂ ਜੇਲ੍ਹ ਦਾ ਬੂਹਾ ਮੱਲੀ ਰਖਦੇ ਹਨ। ਸੋ ਐਸੀ ਬਿਉਂਤ ਬਣਾਉ ਕਿ ਬੇਖ਼ਬਰੇ ਹੀ ਰਣਧੀਰ ਸਿੰਘ ਨੂੰ ਜੇਲ੍ਹੋਂ ਬਾਹਰ ਸੁਖ ਸਹਿਜ ਸੇਤੀ ਕੱਢ ਦੇਈਏ ਅਤੇ ਸਾਡੇ ਨਾਮ ਤੇ ਕੋਈ ਹਰਫ਼ ਨਾ ਆਏ। ਮੈਨੂੰ ਓਦੋਂ ਹੀ ਸੁਝ ਪਈ ਅਤੇ ਸੋਹਣੀ ਸੁਝੀ ਕਿ ਮੈਂ ਤਾਬੜ-ਤੋੜ ਹੀ ਵੇਲੇ ਨੂੰ ਸੰਭਾਲ ਕੇ ਉਤਰ ਦਿਤਾ ਕਿ ਸਾਹਿਬ, ਆਪ ਫ਼ਿਕਰਮੰਦ ਨਾ ਹੋਵੋ। ਮੈਂ ਆਪ ਨੂੰ ਸੋਹਣੀ ਤਜਵੀਜ਼ ਸੁਝਾਉਂਦਾ ਹਾਂ, ਪਸੰਦ ਆਵੇ ਤਾਂ ਹੁਕਮ ਦਿਓ। ਆਪ ਨੂੰ ਯਾਦ ਹੋਵੇਗਾ ਜਿਸ ਦਿਨ ਰਣਧੀਰ ਸਿੰਘ ਇਸ ਜੇਲ੍ਹ ਵਿਚ ਆਇਆ ਸੀ, ਉਸੇ ਦਿਨ ਹੀ ਭਗਤ ਸਿੰਘ ਫਾਂਸੀ ਵਾਲੇ ਨੇ ਆਪ ਦੇ ਪਾਸ ਉਸ ਨੂੰ ਮਿਲਣ ਲਈ ਦਰਖ਼ਾਸਤ ਕੀਤੀ ਸੀ, ਪਰ ਆਪ ਨੇ ਮੰਨਜ਼ੂਰ ਨਹੀਂ ਕੀਤੀ ਸੀ। ਮੇਰੇ ਖ਼ਿਆਲ ਵਿਚ ਜੇ ਹੁਣ ਅਸੀਂ ਮੁਲਾਕਾਤ ਦੀ ਇਜਾਜ਼ਤ ਦੇ ਦੇਈਏ ਤਾਂ ਦੋ ਘੰਟੇ ਏਵੇਂ ਹੀ ਗੁਜ਼ਰ ਜਾਣਗੇ ਅਤੇ ਏਤਨੇ ਨੂੰ ਖ਼ਾਸਾ ਅੰਧੇਰਾ ਹੋ ਜਾਏਗਾ। ਅੱਠ ਵਜੇ ਦੇ ਕਰੀਬ ਰਣਧੀਰ ਸਿੰਘ ਨੂੰ ਜੇਲ੍ਹੋਂ ਬਾਹਰ ਟੋਰ ਦਿਆਂਗੇ, ਕਿਸੇ ਤਾਈਂ ਰਿਹਾਈ ਦਾ ਮਸ਼ਕ ਤਕ ਨਹੀਂ ਨਿਕਲ਼ੇਗਾ। ਸੁਪ੍ਰੰਟੰਡੈਂਟ ਸਾਹਿਬ ਨੂੰ ਮੇਰੀ ਇਹ ਤਜਵੀਜ਼ ਬੜੀ ਪਸਿੰਦ ਆਈ ਅਤੇ ਬੜੀ ਖ਼ੁਸ਼ੀ ਨਾਲ ਇਜਾਜ਼ਤ ਦੇ ਦਿਤੀ ਕਿ ਭਗਤ ਸਿੰਘ ਨਾਲ ਇਸ ਦੀ ਮੁਲਾਕਾਤ ਕਰਾਓ। ਸੋ ਤੁਸੀਂ ਹੁਣ ਜਾਉ, ਭਗਤ ਸਿੰਘ ਨਾਲ ਖੁਲ੍ਹੀ ਮੁਲਾਕਾਤ ਕਰੋ। ਮੈਂ ਤੁਹਾਡੇ ਨਾਲ ਇਕ ਕੈਦੀ-ਵਾਰਡਰ ਤੋਰ ਦਿੰਦਾ ਹਾਂ, ਜੋ ਤੁਸਾਨੂੰ ਉਸ ਪਾਸ ਲੈ ਜਾਏਗਾ।

ਇਹ ਕਹਿ ਕੇ ਦਰੋਗੇ ਨੇ ਇਕ ਕੈਦੀ-ਵਾਰਡਰ ਮੇਰੇ ਨਾਲ ਕਰ ਦਿਤਾ ਅਤੇ ਉਸ ਨੂੰ ਹੁਕਮ ਦੇ ਦਿਤਾ ਕਿ ਭਗਤ ਸਿੰਘ ਨਾਲ ਇਸ ਦੀ ਖੁਲ੍ਹੀ ਮੁਲਾਕਾਤ ਕਰਾਉ। ਭਗਤ ਸਿੰਘ ਦਾ ਉਸ ਵੇਲੇ ਟਹਿਲਣ ਦਾ ਵਕਤ ਸੀ। ਉਸ ਨੂੰ ਸ਼ਾਇਦ ਪਹਿਲਾਂ ਹੀ ਮੁਲਾਕਾਤ ਦੀ ਮਨਜ਼ੂਰੀ ਸੁਣਾ ਦਿਤੀ ਹੋਈ ਸੀ। ਮੈਨੂੰ ਦੂਰੋਂ ਦੇਖ ਕੇ ਹੀ ਮੇਰੇ ਵਲ ਭਜਿਆ ਆਇਆ। ਮੈਂ ਹਾਤੇ ਦੇ ਜੰਗਲੇ ਦੇ ਬਾਹਰ ਖਲੋਤਾ ਰਿਹਾ। ਉਸ ਨੇ ਅੰਦਰਵਾਰ ਐਨ ਮੇਰੇ ਕੋਲ ਆ ਕੇ ਬੜੇ ਹੀ ਪਿਆਰ ਸਤਿਕਾਰ ਨਾਲ ਮੈਨੂੰ ਨਮਸਕਾਰ ਕੀਤੀ ਅਤੇ ਝੁਕ ਝੁਕ ਕੇ ਜੋਹਾਰ ਕੀਤਾ। ਮੈਂ ਵੀ ਦੋਇ ਕਰ ਜੋੜ ਫ਼ਤਹ ਬੁਲਾਈ। ਕੈਦੀ-ਵਾਰਡਰ ਸਾਨੂੰ ਕੋਲ ਕੋਲ ਕਰਕੇ ਲਾਂਭੇ ਹੋ ਗਿਆ। ਅੰਦਰਲੇ ਹਾਤੇ ਵਲੋਂ ਭੀ ਕੋਈ ਸਿਪਾਹੀ ਜਾਂ ਵਾਰਡਰ ਸਾਡੇ ਨੇੜੇ ਨ ਆਇਆ।

ਅਸੀਂ ਦੋਇ ਪੂਰੇ ਏਕਾਂਤ ਵਿਚ ਪ੍ਰਸਪਰ ਆਹਮੋ ਸਾਹਮਣੇ ਹੋਏ ਖਲੋਤੇ ਹਾਂ। ਭਗਤ ਸਿੰਘ ਬਿਰਹੋ-ਮਿਲਾਪ ਦੀ ਕਰਣਾ ਕਿਰਤੱਗਨੀ ਖ਼ੁਸ਼ੀ ਵਿਚ ਉਛਲ ਕੇ ਜ਼ਾਰੋ ਕਤਾਰ ਹੰਝੂ ਬਹਾ ਰਿਹਾ ਹੈ। ਅਣਡਿਠਿਆਂ ਹੀ ਏਤਨੇ ਪਿਆਰ ਸਤਿਕਾਰ ਦੀ ਬਿਹਬਲਤਾ ਵਿਰਲੀ ਵਾਂਝੀ ਹੀ ਡਿਠੀ ਸੁਣੀ ਹੈ। ਜਾਣੋ ਮੁਦਤਾਂ ਦਾ ਹੀ ਜਾਣੂ ਪਛਾਣੂ ਹੈ। ਗਚ ਗਦ ਹੋ ਕੇ ਕਹਿਣ ਲਗਾ:– ਅਜ ਮੇਰੀਆਂ ਖੁਸ਼ੀਆਂ ਦੀ ਹੱਦ ਕੋਈ ਨਹੀਂ ਰਹੀ। ਮੇਰੇ ਦਿਲ ਵਿਚ ਇਹ ਤਾਂਘ ਦਿਨ ਰਾਤ ਰਹਿੰਦੀ ਸੀ ਕਿ ਕਿਵੇਂ ਅਤੇ ਕਦੋਂ ਆਪ ਦੇ ਦਰਸ਼ਨ ਨਸੀਬ ਹੋਣ। ਸੋ ਅਜ ਇਹ ਭਾਗਾਂ ਭਰੀ ਘੜੀ ਹੈ ਕਿ ਮੇਰੀਆਂ ਆਸਾਂ ਪੂਰੀਆਂ ਹੋਈਆਂ। ਮੈਂ ਆਪ ਦਾ ਜੀਵਨ ਅਤੇ ਆਪ ਦੀਆਂ ਜੇਲ੍ਹ-ਕਰੜਾਈਆਂ ਦੀਆਂ ਘਾਲਾਂ ਸੁਣ ਸੁਣ ਕੇ ਹੀ ਆਪ ਦਾ ਪ੍ਰੇਮ-ਸ਼ੈਦਾਈ ਹੋ ਗਿਆ ਸੀ।

੧੯੧੪–੧੫ ਵਾਲਿਆਂ ਦੀ ਦੇਸ਼ ਭਗਤੀ ਦੀ ਸਚੀ ਸੁਚੀ ਨਜ਼ੀਰ ਨੇ ਮੇਰੇ ਵਰਗੇ ਨਾਚੀਜ਼ ਪੁਰਸ਼ਾਂ ਨੂੰ ਕੌਮ-ਭਗਤੀ ਦੀ ਹੁੱਬ ਲਈ ਉਭਾਰਿਆ ਹੈ। ਜੋ ਜੋ ਘਾਲਾਂ ਆਪ ਸਜਣਾਂ ਨੇ ਘਾਲੀਆਂ ਹਨ, ਉਸ ਦੇ ਮੁਕਾਬਲੇ ਵਿਚ ਮੈਂ ਜਿਹਾਂ ਦੀਆਂ ਕਰਨੀਆਂ ਤਾਂ ਐਵੇਂ ਤੁਛ ਮਾਤਰ ਹੀ ਹਨ। ਮੇਰੇ ਹਿਰਦੇ ਉਤੇ ਆਪ ਦੇ ਜੀਵਨ ਦਾ ਅਸਰ ਖ਼ਾਸ ਖ਼ਸੂਸੀਅਤ ਨਾਲ ਅਜਰ-ਪਜ਼ੀਰ ਹੋਇਆ ਹੈ। ਆਪ ਨੂੰ ਸ਼ਾਇਦ ਮੁਨਸ਼ੀ



www.AKJ.Org

ਮੰਨਾ ਸਿੰਘ ਨੇ ਦਸਿਆ ਹੀ ਹੋਣਾ ਹੈ ਕਿ ਕਿਸ ਇਸ਼ਤਿਆਕ ਨਾਲ ਮੈਂ ਮਹੀਨਿਆਂ ਬੱਧੀ ਆਪ ਨੂੰ ਯਾਦ ਕਰਦਾ ਰਿਹਾ ਹਾਂ। ਮੈਂ ਸਾਫ਼ ਕਹਾਂਗਾ ਕਿ ਮੇਰੀ ਖਿੱਚ ਨੇ ਹੀ ਆਪ ਨੂੰ ਖਿੱਚ ਕੇ ਇਸ ਜੇਲ੍ਹ ਵਿਚ ਮੁੜ ਸੋਲ੍ਹਾਂ ਸਾਲਾਂ ਪਿਛੋਂ ਲੈ ਆਂਦਾ ਹੈ। ਜਦੋਂ ਦਾਸ ਨੇ ਆਪ ਨੂੰ ਮੁਲਾਕਾਤ ਕਰਨ ਦਾ ਪਹਿਲਾ ਸੰਦੇਸਾ ਭੇਜਿਆ ਸੀ ਉਸ ਸੰਦੇਸੇ ਦੇ ਉੱਤਰ ਵਿਚ ਜੋ ਆਪ ਦਾ ਹੁਕਮਨਾਮਾ ਕੇਸ ਦਾੜ੍ਹੀ ਰੱਖਣ ਦਾ ਪੁਜਾ ਸੀ, ਸੋ ਦਾਸ ਹਿਤੋਂ ਚਿਤੋਂ ਕਮਾਉਣ ਨੂੰ ਤਿਆਰ ਹੈ। ਆਪ ਦੇ ਅਗੇ ਬੜਾ ਸ਼ਰਮਸਾਰ ਭੀ ਹਾਂ ਅਤੇ ਨਿਝੱਕ ਹੋ ਕੇ ਦੱਸਣ ਨੂੰ ਤਿਆਰ ਹਾਂ ਕਿ ਮੈਂ ਜੋ ਕੁਛ ਕੇਸ ਦਾੜ੍ਹੇ ਦੀ ਬੇ-ਅਦਬੀ ਕਰ ਬੈਠਾ ਹਾਂ ਸੋ ਮਜਬੂਰਨ ਕਰ ਬੈਠਾ ਹਾਂ। ਸੇਵਾ ਉਪਕਾਰ ਹਿਤ ਮੈਨੂੰ ਮੇਰੇ ਸਾਥੀਆਂ ਨੇ ਮਜਬੂਰ ਕੀਤਾ ਸੀ ਕਿ ਇਸ ਵਡ-ਰੂਪੀ ਦਾ ਵੇਸ ਪਲਟਿਆ ਜਾਏ ਅਤੇ ਸੰਨਿਆਸੀ ਸਾਧੂ ਵਾਲਾ ਸੁਆਂਗ ਧਾਰਿਆ ਜਾਏ। ਸੋ ਮੈਂ ਇਸ ਕੁਸੰਗ ਦੇ ਅਧੀਨ ਹੋ ਕੇ ਇਹ ਬੇ-ਅਦਬੀ ਕਰ ਬੈਠਾ ਹਾਂ, ਹੁਣ ਜਿਵੇਂ ਆਪ ਦਾ ਹੁਕਮ ਹੋਵੇ।

ਮੈਂ ਭਗਤ ਸਿੰਘ ਦੀ ਇਹ ਅਧੀਨਗੀ ਅਤੇ ਸ਼ਰਮਸਾਰੀ ਵੇਖ ਕੇ ਬੜਾ ਹੀ ਖ਼ੁਸ਼ ਹੋਇਆ ਅਤੇ ਉਸ ਦੀ ਸਾਫ-ਗੋਈ ਦੀ ਖ਼ੂਬੀ ਜਾਂਚ ਕੇ ਭੀ ਬੜਾ ਮੁਅੱਸਰ ਹੋਇਆ। ਤਦ ਭੀ ਮੈਂ ਹੇਠ ਲਿਖੀਆਂ ਗੱਲਾਂ ਉਸ ਨੂੰ ਕਹੇ ਬਾਝੋਂ ਨਾ ਰਹਿ ਸਕਿਆ—

ਵੀਰ ਭਗਤ ਸਿੰਘ ਜੀ! ਆਪ ਦੇ ਪਿਆਰ ਤੋਂ ਮੈਂ ਬਲਿਹਾਰ ਹਾਂ ਅਤੇ ਆਪ ਦੀ ਦੇਸ਼-ਭਗਤੀ ਵਾਲੀ ਉਪਕਾਰ-ਸਪਿਰਟ ਤੋਂ ਭੀ ਬਲ ਬਲ ਜਾਂਦਾ ਹਾਂ; ਪਰ ਵੀਰ ਜੀ! ਉਪਕਾਰ ਕਮਾਵਣ ਲਈ ਤੁਸਾਡੇ ਸਲਾਹਕਾਰਾਂ ਨੇ ਤੁਹਾਨੂੰ ਅੱਛੀ ਸਲਾਹ ਨਹੀਂ ਦਿਤੀ। ਤੁਸੀਂ ਤਨਕ ਮਾਤਰ ਤੁਣਕਾ ਹੀ ਭਾਲਦੇ ਸੀ, ਬੜੀ ਛੇਤੀ ਓਹਨਾਂ ਦੀ ਏਸ ਕੁਢੰਗੀ ਸਲਾਹ ਦੇ ਅਧੀਨ ਹੋ ਗਏ। ਇਹ ਜ਼ਮਾਨਾ, ਜਿਸ ਸਮੇਂ ਕਿ ਤੁਸੀਂ ਉਠੇ ਹੋ, ਬੜੀ ਜਾਗ੍ਰਤ ਦਾ ਹੈ। ਸਾਰਾ ਦੇਸ਼ ਹੀ ਜਾਗ ਰਿਹਾ ਹੈ। ਇਸ ਵੇਲੇ ਤਾਂ ਆਪ ਨਿਸੰਗ ਆਪਣੇ ਸਿਖੀ ਵੇਸ ਵਿਚ ਹੀ ਜੋ ਚਾਹੋ ਸੋ ਉਪਕਾਰ ਕਮਾ ਸਕਦੇ ਸੀ। ਆਪ ਨੂੰ ਪਤਾ ਹੀ ਹੈ ਕਿ ਸਾਡੇ ਜ਼ਮਾਨੇ ਵਿਚ ੧੯੧੪—੧੫ ਵਾਲੇ ਸਮੇਂ ਸਾਰੇ ਹਿੰਦੁਸਤਾਨ ਵਿਚ ਵਿਰਲੀਆਂ ਵਾਂਜੀਆਂ ਰੂਹਾਂ ਹੀ ਜਾਗੀਆਂ ਸਨ। ਖ਼ਾਸ ਕਰ ਕੇ ਪੰਜਾਬ ਵਿਚ ਤਾਂ ਗਿਣਤੀ ਦੇ ਉਂਗਲਾਂ ਤੇ ਗਿਣਨ ਜੋਗੇ ਸਿਖ ਹੀ ਸਨ, ਜਿਨ੍ਹਾਂ ਨੇ ਕਿ ਦੇਸ਼-ਭਗਤੀ ਦਾ ਬੀੜਾ ਚੁਕਿਆ। ਅਤੇ ਉਸ ਵੇਲੇ ਬਾਹਰ ਦੇਸ਼ਾਂ ਕੈਨੇਡਾ ਅਮਰੀਕਾ ਤੋਂ ਆਏ ਦੇਸ਼-ਭਗਤਾਂ ਦਾ ਪੰਜਾਬ ਵਿਚ ਬੱਚਾ ਬੱਚਾ ਮੁਖ਼ਾਲਿਫ਼ ਬਣਿਆ ਫਿਰਦਾ ਸੀ।

ਮੈਂ ਆਪ ਨੂੰ ਵੰਨਗੀ ਮਾਤਰ ਉਸ ਵਕਤ ਦੇ ਆਪਣੇ ਦੇਸ਼-ਭਗਤ-ਭਰਾਵਾਂ ਦੀ ਇਕੋ ਮਿਸਾਲ ਹੀ ਪੇਸ਼ ਕਰਦਾ ਹਾਂ। *ਭਾਈ ਨਿਧਾਨ ਸਿੰਘ ਜੀ ਚੁਘੇ ਵਾਲੇ ਇਕ ਬੜੇ ਉਘੇ ਦੇਸ਼ ਭਗਤ ਹਨ। ਇਹ ਬਾਹਰੋਂ ਟਾਪੂਆਂ ਵਿਚੋਂ ਸੈਂਕੜੇ ਹੀ ਰੂਹਾਂ ਨੂੰ ਦੇਸ਼ ਕੁਰਬਾਨੀ ਹਿਤ ਪਰੇਰ ਕੇ ਲਿਆਏ ਅਤੇ ਹਜ਼ਾਰਾਂ ਰੁਪੈ ਆਪਣੇ ਪਲਿਓਂ ਖ਼ਰਚ ਕਰ ਕੇ ਨਿਛਾਵਰ ਕਰ ਦਿਤੇ। ਫੇਰ ਕੋਈ ਗੁਝੇ ਛਿਪੇ ਨਹੀਂ ਆਏ, ਜਹਾਜ਼ਾਂ ਵਿਚ ਪ੍ਰਗਟ ਤੌਰ ਪਰ ਆਏ। ਪਰ ਹਿੰਦੁਸਤਾਨ ਵਿਚ ਆਉਂਦਿਆਂ ਹੀ ਉਹਨਾਂ ਨੂੰ ਫਾਹੁਣ ਦਾ ਜਾਲ ਵਿਛ ਗਿਆ, ਪਰ ਉਹ ਤੇ ਉਸ ਦੇ ਕਈ ਦਰਜਨ ਦੇਸ਼-ਭਗਤ-ਸਾਥੀ ਸਹੀ ਸਲਾਮਤ ਹਿੰਦੁਸਤਾਨ ਵਿਚ ਪੁਜਣ ਵਿਚ ਕਾਮਯਾਬ ਹੋਏ। ਪਕੜ ਜਕੜ ਤੋਂ ਉਕੇ ਹੀ ਅਛੋਹ ਰਹੇ। ਪੰਜਾਬ ਵਿਚ ਆ ਗੱਜੇ। ਜੋ ਜੋ ਕਾਰਨਾਮੇ ਇਹਨਾਂ ਨੇ ਪੰਜਾਬ ਆ ਕੇ ਕਰ ਦਿਖਾਏ, ਆਪ ਉਹਨਾਂ ਤੋਂ ਭਲੀ ਪਰਕਾਰ ਵਾਕਿਫ਼ ਹੀ ਹੋ। ਉਹਨਾਂ ਦੇ ਵਾਰੰਟ ਨਿਕਲੇ ਹੋਏ ਸਨ, ਹੁਲੀਏ ਛਪੇ ਹੋਏ ਸਨ। ਉਹਨਾਂ ਦੀ ਗ੍ਰਿਫ਼ਤਾਰੀ ਦੇ ਇਨਾਮ ਮੁਸ਼ਤਿਹਰ ਹੋ ਚੁਕੇ ਸਨ। ਸਾਰੇ ਜ਼ਮਾਨੇ ਦੀ ਹਵਾ

---

*ਭਾਈ ਨਿਧਾਨ ਸਿੰਘ ਪਿੰਡ ਚੁੱਘਾ, ਤਸੀਲ ਮੋਗਾ (ਫੀਰੋਜ਼ਪੁਰ) ਪਹਿਲੇ ਮੁਕੱਦਮਾ ਸਾਜ਼ਸ਼ ਲਾਹੌਰ ਵਿਚ ੧੩ ਦਸੰਬਰ ੧੯੧੫ ਨੂੰ ਸਜ਼ਾਯਾਬ ਹੋਏ। ਫੇਰ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਬਦਲ ਗਈ। ੧੯੩੦ ਵਿਚ ਰਿਹਾ ਹੋਏ। ਤ੍ਰੀਕ ੬ ਦਸੰਬਰ ੧੯੩੬ ਸ਼ਾਮ ਨੂੰ ਗੁਰਦੁਆਰਾ ਸਿੰਘ ਸਭਾ ਮੋਗੇ ਵਿਚ ਚਲਾਣਾ ਕਰ ਗਏ।



www.AKJ.Org

ਉਨ੍ਹਾਂ ਦੇ ਉਲਟ ਸੀ। ਚਾਰ ਚੌਫੇਰ ਉਹਨਾਂ ਦੀ ਪਕੜ ਧਕੜ ਦੀ ਦੌੜ ਭਜ ਹੋ ਰਹੀ ਸੀ। ਉਸ ਦੌੜ ਭੱਜ ਵਿਚ ਉਹ ਨਿਰਭੈ ਨਿਧੜਕ ਫਿਰਦੇ ਰਹੇ। ਉਨ੍ਹੀਂ ਦਿਨੀਂ ਦੇਸ਼-ਉਪਕਾਰ ਦੀ ਘਾਲਣਾ ਦਾ ਦਾਰੋਮਦਾਰ ਦੇਸ਼-ਭਗਤ ਤਬਕੇ ਵਿਚ ਬਹੁਤ ਸਾਰਾ ਭਾਈ ਨਿਧਾਨ ਸਿੰਘ ਜੀ ਦੀ ਹਸਤੀ ਉਪਰ ਹੀ ਮੁਨਹਸਰ ਸੀ। ਨਿਰਭੈਤਾ ਵਿਚ ਤਾਂ ਵੀਰ ਕਰਤਾਰ ਸਿੰਘ ਸਰਾਭਾ ਭੀ ਆਪਣੀ ਮਿਸਾਲ ਆਪ ਹੀ ਸੀ। ਉਸ ਦੇ ਦਿਲ ਵਿਚ ਇਕ ਦਿਨ ਇਹ ਖ਼ਿਆਲ ਆਇਆ ਅਤੇ ਕੁਸੰਗ ਦੇ ਅਸਰ ਕਰ ਕੇ ਆਇਆ ਕਿ ਕਿਤੇ ਭਾਈ ਨਿਧਾਨ ਸਿੰਘ ਅਜਾਈਂ ਫੜੇ ਹੀ ਨਾ ਜਾਣ; ਉਹਨਾਂ ਤੋਂ ਦੇਸ਼-ਭਗਤਾਂ ਨੇ ਕੰਮ ਬਹੁਤ ਲੈਣਾ ਹੈ। ਸੋ ਉਹਨਾਂ ਨੂੰ ਚਿਰੰਕਾਲ ਕਾਮਯਾਬ ਰਖਣ ਲਈ ਰਾਜਨੀਤੀ ਭਾਸਣੀ ਕਮਜ਼ੋਰੀ ਦੇ ਪਰਾਇਣ ਹੋ ਕੇ ਵੀਰ ਕਰਤਾਰ ਸਿੰਘ ਨੇ ਭਾਈ ਨਿਧਾਨ ਸਿੰਘ ਨੂੰ ਇਹ ਸਲਾਹ ਦਿਤੀ ਕਿ ਆਪ ਆਪਣੇ ਦਾੜ੍ਹੇ ਨੂੰ ਵਸਮਾ ਲਗਾ ਲਉ ਤਾਕਿ ਹੁਲੀਏ ਦੇ ਨਿਸ਼ਾਨ ਗ਼ਲਤ ਹੋ ਜਾਣ ਅਤੇ ਕੋਈ ਪਛਾਣ ਨਾ ਸਕੇ। ਭਾਈ ਨਿਧਾਨ ਸਿੰਘ ਨੇ ਬੜੀ ਬੀਰਤਾ ਨਾਲ ਉੱਤਰ ਦਿਤਾ ਕਿ ਮੈਂ ਮੂੰਹ ਕਾਲਾ ਕਰ ਕੇ ਤੇ ਚਮਕਦੇ ਹੀਰਿਆਂ ਉਤੇ ਗੋਹੇ ਦਾ ਪਰੋਲਾ ਫੇਰ ਕੇ ਆਪਣੀ ਬੀਰਤਾ ਨੂੰ ਕਲੰਕਤ ਨਹੀਂ ਕਰਨਾ ਚਾਹੁੰਦਾ। ਮੈਥੋਂ ਜੋ ਕੁਛ ਕੰਮ ਲੈਣਾ ਹੈ ਏਸੇ ਵੇਸ ਵਿਚ ਲਵੋ ਅਤੇ ਮੇਰੇ ਅੰਦਰ ਕਾਇਰਤਾ ਮਤ ਪੈਦਾ ਕਰੋ। ਉਨ੍ਹਾਂ ਨੂੰ ਬਹੁਤ ਗਿਰਾਉਣਾ ਚਾਹਿਆ ਪਰ ਉਹ ਆਪਣੇ ਨਿਸਚੇ ਵਿਚ ਅਚੱਲ ਤੇ ਅਟੱਲ ਰਹੇ। ਏਸ ਸਜਣ ਨੇ ਤੀਹ ਤੀਹ ਚਾਲੀ ਚਾਲੀ ਕੋਹ ਦਾ ਪੰਧ ਇਕਸੈ ਦਿਹਾੜੀ 'ਚ ਕੀਤਾ ਤੇ ਪੁਲਿਸ ਦੇ ਪਹਿਰਿਆਂ ਦੇ ਕੋਲ ਦੀ ਨਿਧੜਕ ਹੋ ਕੇ ਲੰਘ ਜਾਂਦਾ ਰਿਹਾ ਤੇ ਕੰਮ ਏਤਨੇ ਭਾਰੀ ਭਾਰੀ ਵਿਸ਼ੇਸ਼ਤਾ ਵਾਲੇ ਕੀਤੇ ਜਿਸ ਦੇ ਮੁਕਾਬਲੇ ਤੁਹਾਡਾ ਚਿਤਵਿਆ ਕੰਮ ਪਾਸੰਗ ਮਾਤ੍ਰ ਸੀ, ਪਰ ਉਨ੍ਹਾਂ ਨੇ ਚਿਟੇ ਦਾੜ੍ਹੇ ਨੂੰ ਕਾਲਾ ਕਰਨਾ ਭੀ ਮਨਜ਼ੂਰ ਨਹੀਂ ਕੀਤਾ ਸੀ। ਤੁਸਾਂ ਦਾੜ੍ਹਾ ਤੇ ਕੇਸ ਵੀ ਕਤਲ ਕਰਾ ਦਿਤੇ।

ਭਗਤ ਸਿੰਘ—ਦਰਅਸਲ ਸਾਂਡਰਸ ਦਾ ਕਾਤਲ ਮੈਂ ਨਹੀਂ। ਮੇਰੇ ਪਰ ਇਲਜ਼ਾਮ ਲਗ ਗਿਆ। ਮੈਂ ਜਾਤਾ ਕਿ ਮੌਕੇ ਨੂੰ ਹੱਥੋਂ ਕਿਉਂ ਗਵਾਵਾਂ ਤੇ ਸਾਰਾ ਇਲਜ਼ਾਮ ਆਪਣੇ ਉਪਰ ਲੈ ਲਿਆ। ਲਾਭ ਇਹ ਹੋਇਆ ਕਿ ਕਰੈਡਿਟ ਸਾਰਾ ਮੈਨੂੰ ਮਿਲ ਗਿਆ। ਉਂਞ ਭੀ ਮੈਨੂੰ ਬਚਣ ਦੀ ਕੋਈ ਆਸ ਨਹੀਂ ਸੀ।

ਮੈਂ—ਫੋਕੇ ਕਰੈਡਿਟ ਮਿਲਣ ਦੀ ਫੋਕੀ ਖ਼ੁਸ਼ੀ ਦਾ ਹਾਸਲ ਕਰਨਾ ਸੱਚੇ ਦੇਸ਼-ਭਗਤ ਦਾ ਆਦਰਸ਼ ਨਹੀਂ ਹੋਣਾ ਚਾਹੀਦਾ। ਦੁਨੀਆ ਦੀ ਚਾਰ ਦਿਨ ਦੀ ਵਾਹ ਵਾਹ ਦੀ ਖ਼ੁਮਾਰੀ ਵਿਚ ਆਪ ਨੂੰ ਆਪਣੇ ਸੱਚੇ ਆਦਰਸ਼ ਤੋਂ ਗਿਰਨ ਦਾ ਅਹਿਸਾਸ ਭੀ ਨਾ ਰਿਹਾ ਤੇ ਨਾ ਹੀ ਆਪਣੇ ਅਸਲੀ ਨਿਸ਼ਾਨੇ ਤੋਂ ਖੁੰਝਣ ਦਾ ਪਛੋਤਾਵਾ ਹੀ ਲਗਾ। ਇਕ ਅਖ਼ਬਾਰੀ ਵਡਿਆਈ ਦਾ ਛੁਣ-ਛੁਣਾ ਹੀ ਪੱਲੇ ਰਹਿ ਗਿਆ। ਗੁਰੂ ਦੀ ਮੇਹਰ ਸਾਬਤ ਸੂਰਤ ਐਵੇਂ ਭੰਗ ਦੇ ਭਾੜੇ ਹੀ ਝੂਠੇ ਬਫਣ-ਬਫਾਓ ਦੇ ਲਾਲਚ ਵਿਚ ਗਵਾ ਲਈ। ਭਲਾ ਜੇ ਗਲਤੀ ਹੋ ਗਈ ਸੀ ਤਾਂ ਉਸ ਦੀ ਤਲਾਫ਼ੀ ਤਾਂ ਹੋਣੀ ਚਾਹੀਦੀ ਸੀ। ਫੇਰ ਮੁੜ ਕੇਸ ਰਖ ਲੈਣੇ ਸਨ। ਮੁੜ ਕੇ ਕਿਉਂ ਨਾ ਰੱਖੇ ?

ਭਗਤ ਸਿੰਘ—ਕੇਸ ਤਾਂ ਮੈਂ ਰਖ ਲੈਂਦਾ, ਪਰ ਐਸਾ ਕਰਨ ਵਿਚ ਮੈਨੂੰ ਆਪਣੇ ਸਾਥੀ ਦੱਤ (ਬਟਕੇਸ਼੍ਵਰ ਦੱਤ) ਦੀ ਹਮਦਰਦੀ ਤੇ ਸਾਥੀਪੁਣੇ ਵਾਲੀ ਅਪਣੱਤ ਪ੍ਰਾਪਤ ਨਾ ਹੁੰਦੀ। ਦੂਜੀ ਮੈਨੂੰ ਏਡੀ ਸ਼ੁਹਰਤ ਹਾਸਲ ਨਾ ਹੁੰਦੀ ਜਿਡੀ ਕਿ ਅੱਜ ਅਖ਼ਬਾਰੀ ਦੁਨੀਆ ਵਿਚ ਹੋ ਰਹੀ ਹੈ। ਮੈਂ ਸਚ ਕਹਿੰਦਾ ਹਾਂ ਕਿ ਮੇਰੀ ਕੁਰਬਾਨੀ ੧੯੧੪—੧੫ ਵਾਲੇ ਦੇਸ਼-ਭਗਤਾਂ ਦੀ ਕੁਰਬਾਨੀ ਦੇ ਮੁਕਾਬਲੇ ਐਵੇਂ ਤੁਛ ਮਾਤ੍ਰ ਹੈ, ਪਰ ਏਨੀਆਂ ਕੁਰਬਾਨੀਆਂ ਕਰਨ ਪਰ ਭੀ ਏਨ੍ਹਾਂ ੧੯੧੪—੧੫ ਵਾਲਿਆਂ ਨੂੰ ਉਸ ਵਕਤ ਦੀ ਅਖ਼ਬਾਰੀ ਦੁਨੀਆ ਵਿਚ ਏਡਾ ਮਾਣ ਨ ਮਿਲਿਆ, ਕਿਉਂਕਿ ਸਿਖ ਅਖ਼ਬਾਰਾਂ ਦੀ ਅੱਵਲ ਤਾਂ ਇਸ਼ਾਇਤ ਹੀ ਕੁਛ ਨਹੀਂ, ਜੇ ਹੈ ਤਾਂ ਉਹ ਉਸ ਸਮੇਂ ਆਪ ਸਜਣਾਂ ਦੀ ਕੁਰਬਾਨੀ ਬਾਰੇ ਪਬਲਿਕ ਵਿਚ ਕੁਛ ਰੋਸ਼ਨੀ ਨਾ ਪਾ ਸਕੇ, ਕਿਉਂਕਿ ਉਨ੍ਹਾਂ ਦੀ ਡਰੂ ਪਾਲਿਸੀ ਉਨ੍ਹਾਂ ਨੂੰ ਦਬਕਾਈ ਰਖਦੀ ਸੀ। ਇਹ ਅਨਮਤੀ ਅਖ਼ਬਾਰਾਂ ਦੀ ਬਦੌਲਤ ਹੀ ਮੇਰੇ ਨਾਮ ਨੂੰ ਏਤਨੀ ਸ਼ੁਹਰਤ ਮਿਲੀ



www.AKJ.Org

ਹੈ। ਮੈਂ ਸੱਚ ਕਹਿੰਦਾ ਹਾਂ ਕਿ ਜੇ ਮੈਂ ਸਿਖ ਸਮਝਿਆ ਜਾਂਦਾ ਤੇ ਮੇਰੇ ਸਿਰ ਮੂੰਹ ਉਤੇ ਕੇਸ ਦਾੜ੍ਹੇ ਵਾਲੀ ਸਿਖ ਹੋਣ ਦੀ ਨਿਸ਼ਾਨੀ ਹੁੰਦੀ ਤਾਂ ਇਹ ਅਨਮਤੀ ਅਖ਼ਬਾਰ ਮੇਰੀ ਸ਼ੋਭਾ ਵਡਿਆਈ ਵਿਚ ਇਕ ਲਫ਼ਜ਼ ਭੀ ਨ ਲਿਖਦੇ । ਜੈਸਾ ਕਿ ਆਪ ਸਾਹਿਬਾਨ ਦੀ ਬਾਬਤ ਇਨ੍ਹਾਂ ਕੁਛ ਨਹੀਂ ਲਿਖਿਆ । ਸਿਖ ਅਖ਼ਬਾਰਾਂ ਵਿਚੋਂ ਭੀ ਉਸ ਵਕਤ ਮਾੜਾ ਮੋਟਾ ਜੋ ਕੁਝ ਲਿਖਿਆ ਸੋ ਉਰਦੂ ਦੇ 'ਖਾਲਸਾ ਅਖ਼ਬਾਰ ਲਾਹੌਰ' ਨੇ ਹੀ ਲਿਖਿਆ। ਉਹ ਭੀ ਮਹਿਦੂਦ ਸ਼ਕਲ ਵਿਚ। ਮੈਨੂੰ ਇਹ ਪਤਾ ਸੀ ਕਿ ਹਿੰਦੂ ਅਖ਼ਬਾਰ ਸਿੱਖ ਦੇਸ਼-ਭਗਤਾਂ ਦੀ ਵਡਿਆਈ ਲਿਖਣੋਂ ਖੁਣਸ ਖਾਂਦੇ ਹਨ ਤੇ ਏਨ੍ਹਾਂ ਨੂੰ ਉਨ੍ਹਾਂ ਦੀ ਵਡਿਆਈ ਭਾਉਂਦੀ ਨਹੀਂ। ਜੇ ਮੈਂ ਭੀ ਕੇਸ ਮੁੜ ਰੱਖ ਲੈਂਦਾ ਤਾਂ ਮੈਨੂੰ ਵਡਿਆਉਣਾ ਕਿਨ੍ਹ ਸੀ, ਛੁਟਿਆਉਂਦੇ ਹੀ, ਏਸ ਕਰਕੇ ਮੈਂ ਕੇਸ ਮੁੜ ਰੱਖਣੋਂ ਹੋਰ ਘੇਸਲ ਵੱਟ ਛੱਡੀ।

ਮੈਂ—ਪਿਆਰੇ ਭਗਤ ਸਿੰਘ ਜੀ, ਆਪ ਦੀ ਦੇਸ਼-ਭਗਤੀ ਦਾ ਆਦਰਸ਼-ਮਿਆਰ ਬੜਾ ਹੀ ਨੀਵਾਂ ਤੇ ਹੋਛਾ ਹੈ। ਸ਼ੁਹਰਤ ਵਡਿਆਈ ਦੀ ਖ਼ਾਤਰ ਦੇਸ਼ ਭਗਤੀ ਦੀਆਂ ਉਪਕਾਰ-ਕਮਾਈਆਂ ਦੇ ਅਡੰਬਰ ਰਚਣੇ ਬਿਰਥੇ ਤੇ ਐਵੇਂ ਤਿਫਲ-ਛਛੋਹੀਆਂ ਬਾਦ-ਬਫਾਈਆਂ ਹਨ। ੧੯੧੪—੧੫ ਵਾਲੇ ਦੇਸ਼-ਭਗਤਾਂ ਜੋ ਕੁਝ ਕੀਤਾ, ਕਮਾਇਆ, ਕੇਵਲ ਦੇਸ਼-ਸੇਵਾ ਨੂੰ ਮੁਖ ਰਖ ਕੇ ਕੀਤਾ ਤੇ ਨਿਸ਼ਕਾਮ ਦੇਸ਼-ਭਗਤੀ ਕਮਾਈ। ਸ਼ੁਹਰਤ ਵਡਿਆਈ ਦਾ ਸੁਪਨ ਸਾਰਖਾ ਭੀ ਖ਼ਿਆਲ ਗੁਮਾਨ ਉਨ੍ਹਾਂ ਦੇ ਨੇੜੇ ਨਹੀਂ ਆਇਆ ਸੀ। ਸ਼ੁਹਰਤ ਦਾ ਪਿਆਰ ਦੇਸ਼-ਭਗਤਾਂ ਦੀ ਦੇਸ਼-ਭਗਤੀ ਨੂੰ ਕਲੰਕਤ ਕਰਨ ਵਾਲਾ ਹੈ। ਕੁਸੰਗ ਦੇ ਫੇਰ ਵਿਚ ਆਪ ਨੂੰ ਹੋਛੇ ਖ਼ਿਆਲ ਮਾਣ ਵਡਿਆਈਆਂ ਦੇ ਚਿੰਬੜੇ ਰਹੇ। ਅਖ਼ਬਾਰੀ ਮਾਣ ਵਡਿਆਈਆਂ ਤੇ ਸ਼ੁਹਰਤਾਂ ਸਭ ਵਾਧੂ ਹੀ ਹਨ ਤੇ ਏਹਨਾਂ ਦੇ ਸੋਹਿਲੇ ਤੇ ਇਨ੍ਹਾਂ ਸੋਹਲਿਆਂ ਦੇ ਸੁਣਨ ਦੇ ਚਾਹਵਾਨਾਂ ਪਰ ਹੀ ਇਹ ਗੁਰਵਾਕ ਘਟਦਾ ਹੈ :—

"ਕੂਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ॥
ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ॥"

ਇਹ ਗੱਲਾਂ ਸੁਣ ਕੇ ਭਗਤ ਸਿੰਘ ਬੜਾ ਹੀ ਮੁਤੱਸਰ ਹੋਇਆ, ਤੇ ਕਹਿ ਉਠਿਆ ਕਿ ਸਚ ਮੁਚ

## ਅਖੰਡ ਕੀਰਤਨੀ ਜੱਥਾ ਯੂ. ਕੇ. ਵਲੋਂ ਰੈਣ ਸਬਾਈ ਤੇ ਅੰਮ੍ਰਿਤ-ਸਿੰਚਾਰ

ਸਮੂੰਹ ਯੂ. ਕੇ. ਨਿਵਾਸੀ ਸੰਗਤਾਂ ਨੂੰ ਵਿਦਿਤ ਕੀਤਾ ਜਾਂਦਾ ਹੈ ਕਿ ਅਖੰਡ ਕੀਰਤਨੀ ਜੱਥਾ ਯੂ. ਕੇ. ਵਲੋਂ ਸ਼ਨੀਵਾਰ 16.4.77 ਦੀ ਰਾਤ ਨੂੰ 8 ਵਜੇ ਰੈਣ ਸਬਾਈ ਕੀਰਤਨ ਅਰੰਭ ਹੋਣਗੇ। ਇਸ ਤੋਂ ਪਹਿਲਾਂ 4 ਵਜੇ ਸ਼ਾਮ ਅੰਮ੍ਰਿਤ-ਸਿੰਚਾਰ ਸਮਾਗਮ ਅਰੰਭ ਹੋਣਗੇ । ਰੈਣ-ਸਬਾਈ ਦੇ ਭੋਗ 17.4.77 ਸਵੇਰੇ 8 ਵਜੇ ਪੈਣਗੇ।

ਕੀਰਤਨ ਅਸਥਾਨ—Queen's Hall, Opp. Royal Infirmery, London Road, Derby. (Tel:—0332-45879).

ਨੋਟ:—੧. ਅੰਮ੍ਰਿਤ ਛਕਣ ਵਾਲੇ ਪ੍ਰੇਮੀ ਪੂਰੇ ਕਕਾਰਾਂ ਸਹਿਤ ਸਮੇਂ ਸਿਰ ਪੁਜਣ ਜੀ।

ਪੁੱਛ ਗਿੱਛ—Bhai Jagtar Singh ji Mundra & "Jatha" (Tel —0332–45879. Derby)

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜੱਥਾ ਯੂ. ਕੇ.

## *ਅਖੰਡ ਕੀਰਤਨੀ ਜੱਥਾ ਯੂ. ਕੇ. ਰਜਿਸਟ੍ਰਡ ਹੋ ਗਿਆ*

ਸ: ਗੁਰਨਾਮ ਸਿੰਘ ਜੀ ਆਨਰੇਰੀ ਜਨਰਲ ਸੈਕਰੇਟਰੀ ਇਤਲਾਹ ਦਿੰਦੇ ਹਨ ਕਿ ਅਖੰਡ ਕੀਰਤਨੀ ਜੱਥਾ ਯੂ. ਕੇ. Charity No. 272456 ਮੁਤਾਬਕ ਰਜਿਸਟ੍ਰਡ ਹੋ ਗਿਆ ਹੈ। ਗੁਰੂ ਪਾਤਸ਼ਾਹ ਦੀ ਬਖ਼ਸ਼ਸ਼ ਕਰਨ ਅਤੇ ਗੁਰਸਿਖ ਸੰਗਤਾਂ ਤੇ ਸਹਿਯੋਗ ਤੇ ਪਿਆਰ ਨਾਲ ਸੇਵਕਾਂ ਨੂੰ ਵਧ ਚੜ੍ਹ ਕੇ ਕੀਰਤਨ ਸਮਾਗਮਾਂ ਆਦਿ ਵਿਚ ਸੇਵਾ ਦਾ ਬਲ ਬਖ਼ਸ਼ਣ।



www.AKJ.Org

ਗੁਰੂ ਘਰ ਦਾ ਤੇ ਗੁਰੂ ਕੇ ਸਿੱਖਾਂ ਦਾ ਆਦਰਸ਼ ਬੜਾ ਉੱਚਾ ਹੈ । ਆਮ ਦੁਨੀਆ ਫੋਕੀਆਂ ਵਡਿਆਈਆਂ ਦੇ ਵਹਿਣਾਂ ਵਿਚ ਹੀ ਰੁੜ੍ਹੀ ਪਈ ਹੈ । ਮੈਨੂੰ ਭੀ ਦੁਨੀ ਵਜਾਦੀ ਵਜਦੀ ਦੇ ਨਾਲ ਹੀ ਏਸ ਤਾੜੇ ਵੱਜਣਾ ਪੈ ਗਿਆ । ਪਰ ਅੱਜ ਪਰਤੀਤ ਹੋਇਆ ਕਿ ਇਹ ਸਭ ਹੈਂਕੜ-ਬਾਜ਼ੀਆਂ ਦੇ ਨੁਮਾਇਸ਼ੀ ਮੁਜ਼ਾਹਰੇ ਹੀ ਹਨ। ਮੇਰੀ ਬੜੀ ਹੀ ਖ਼ੁਸ਼-ਕਿਸਮਤੀ ਹੁੰਦੀ ਜੇਕਰ ਆਪ ਜੈਸੇ ਸਜਣਾਂ ਦੀ ਸੰਗਤ ਦੋ ਚਾਰ ਮਹੀਨੇ ਰਹਿੰਦੀ । ਜੇ ਦੋ ਚਾਰ ਮਹੀਨੇ ਹੀ ਮੈਨੂੰ ਆਪ ਦੀ ਸੰਗਤ ਵਿਚ ਰਹਿਣ ਦਾ ਮੌਕਾ ਮਿਲਦਾ ਤਦ ਮੈਨੂੰ ਬਹੁਤ ਲਾਭ ਪਹੁੰਚਦਾ ਤੇ ਮੇਰਾ ਕੁਝ ਸੌਰ ਜਾਂਦਾ ਤੇ ਮੇਰੀਆਂ ਊਣਤਾਈਆਂ ਦੂਰ ਹੋ ਜਾਂਦੀਆਂ । ਹੁਣ ਮੈਨੂੰ ਹੁਕਮ ਕਰੋ । ਆਪ ਦਾ ਹੁਕਮ ਇਸ਼ਾਰਾ ਇਹ ਹੈ ਕਿ ਮੈਂ ਫੇਰ ਕੇਸਧਾਰੀ ਹੋ ਜਾਵਾਂ । ਸਚ ਮੁਕ ਮੈਂ ਬਹੁਤ ਬੁਰਾ ਕੀਤਾ ਜੋ ਮੈਂ ਆਪਣੇ ਖ਼ਾਨਦਾਨ ਦੀ ਪੁਸ਼ਤ-ਬ-ਪੁਸ਼ਤ ਚਲੀ ਆ ਰਹੀ ਕੇਸ ਰਖਣ ਦੀ ਰਿਵਾਇਤ ਦੇ ਉਲਟ ਗੁਰੂ ਕੀ ਮੁਹਰ ਦੀ ਬੇਅਦਬੀ ਕੀਤੀ, ਪਰ ਮੈਂ ਆਪ ਪਾਸੋਂ ਇਕ ਹੋਰ ਗਲ ਛੁਪਾਉਣੀ ਭੀ ਪਾਪ ਸਮਝਦਾ ਹਾਂ । ਉਹ ਇਹ ਕਿ ਚਾਹੇ ਸਾਡੇ ਖ਼ਾਨਦਾਨ ਵਿਚ ਪਿਤਾ ਪੁਰਖੀ ਕੇਸ ਰਖਣ ਦੀ ਰੀਤ ਚਲੀ ਆਈ ਹੈ ਤੇ ਮੇਰੇ ਉਸ ਖ਼ਾਨਦਾਨੀ ਰਵਾਇਤੀ ਰੀਤ ਕਰਕੇ ਹੀ ਕੇਸ ਰਖੇ ਹੋਏ ਸਨ । ਮੈਂ ਆਪਣੇ ਆਪ ਨੂੰ ਸਿਖ ਸਦਵਾਉਣਾ ਵੀ ਫ਼ਖ਼ਰ ਸਮਝਦਾ ਹਾਂ, ਪਰ ਵਾਸਤਵ ਵਿਚ ਗੱਲ ਇਹ ਹੈ ਕਿ ਮੇਰਾ ਦਿਲ ਸਿਖ ਨਹੀਂ ਤੇ ਮੈਨੂੰ ਮਾਫ਼ ਕਰੋਗੇ ਜੇ ਮੈਂ ਸਾਫ਼ ਲਫ਼ਜ਼ਾਂ ਵਿਚ ਆਪਣੇ ਦਿਲ ਨੂੰ ਖੋਲ੍ਹ ਦੇਵਾਂ ਤੇ ਕਹਿ ਦੇਵਾਂ ਕਿ ਮੈਂ ਨਾਸਤਕ ਹਾਂ, ਰੱਬ ਨੂੰ ਨਹੀਂ ਮੰਨਦਾ । ਤੇ ਮੇਰੀ ਸਾਰੀ ਮੰਡਲੀ ਭੀ ਏਸ ਗੱਲ ਨੂੰ ਜਾਣਦੀ ਹੈ, ਪਰ ਆਪ ਦਾ ਹੁਕਮ ਮੰਨਣ ਵਿਚ ਮੈਨੂੰ ਕੋਈ ਉਜ਼ਰ ਨਹੀਂ । ਆਪ ਹੁਕਮ ਦਿਉ ਤਾਂ ਮੈਂ ਕੇਸ ਰਖ ਲਵਾਂ । ਕਾਸ਼ ! ਮੈਂ ਆਪ ਦੀ ਸੰਗਤ ਵਿਚ ਕੁਝ ਅਰਸਾ ਨੇੜੇ ਹੋ ਕੇ ਰਹਿੰਦਾ ਤਾਂ ਮੇਰੇ ਨਾਸਕਤਾ ਵਾਲੇ ਖ਼ਿਆਲ ਭੀ ਪਲਟ ਜਾਂਦੇ ।

ਮੈਂ—ਮੈਂ ਬੜਾ ਖ਼ੁਸ਼ ਹੋਇਆ ਹਾਂ ਕਿ ਆਪ ਨੇ ਸਚੋ ਸਚ ਆਪਣੇ ਦਿਲ ਦੀ ਵਿਥਿਆ ਸੁਣਾ ਦਿਤੀ ਹੈ ਤੇ ਕੋਈ ਲੁਕੋ ਨਹੀਂ ਰਖਿਆ । ਨਾਸਤਕਤਾ ਵਾਲੀ ਦਸ਼ਾ ਵਿਚ ਹੁੰਦਿਆਂ ਆਪ ਤੋਂ ਕੇਸ ਰਖਾਉਣ **ਦਾ ਰੰਚਕ ਲਾਭ ਨਹੀਂ, ਨਾ ਹੀ ਸਾਨੂੰ ਕੋਈ ਫ਼ਖ਼ਰ ਹੈ ।** ਮੈਨੂੰ ਹੁਣ ਤੁਸਾਨੂੰ ਕੇਸ ਰਖਾਉਣ ਦਾ ਕੋਈ ਚਾਉ ਨਹੀਂ ਤੇ ਨਾ ਹੀ ਨਾ ਰਖਣ ਦਾ ਅਫ਼ਸੋਸ ਹੈ । ਅਰਮਾਨ ਹੈ ਤਾਂ ਇਹ ਕਿ ਤੁਸੀਂ ਆਸਤਕ ਨਿਸਚੇ ਵਿਚ ਹੁੰਦੇ ਹੋਏ ਲੇਖੇ ਲਗਦੇ । ਤੁਸੀਂ ਫਾਂਸੀ ਜ਼ਰੂਰ ਚੜ੍ਹਨਾ ਹੈ । ਫਾਂਸੀ ਚੜ੍ਹਨ ਤੋਂ ਪਹਿਲਾਂ ਜੇ ਤੁਹਾਡੀ ਨਾਸਤਕਤਾ ਦੂਰ ਹੋ ਜਾਂਦੀ ਤਾਂ ਬੜੀ ਹੀ ਚੰਗੀ ਗੱਲ ਹੁੰਦੀ । ਚਾਹੇ ਤੂੰ ਰੱਬ ਨੂੰ ਨਹੀਂ ਮੰਨਦਾ, ਪਰ ਇਕ ਗੱਲ ਯਾਦ ਰਖ ਤੇ ਉਸ ਉਪਰ ਆਪਣਾ ਨਿਸਚਾ ਕਾਇਮ ਕਰ ਤੇ ਇਹ ਗੱਲ ਹਿਰਦੇ ਉਪਰ ਉੱਕਰ ਲੈ ਕਿ ਤੈਂ ਮਰਨਾ ਨਹੀਂ, ਮੁੜ ਕੇ ਫੇਰ ਆਉਣਾ ਹੈ, ਆਤਮਾ ਅਜਰ ਅਮਰ ਹੈ, ਏਸ ਨੇ ਮੁਕ ਨਹੀਂ ਜਾਣਾ, ਏਸ ਨੇ ਬਾਰ ਬਾਰ ਆਉਣਾ ਹੈ....... ਬਸ ਤੂੰ ਇਹ ਗੱਲ ਪੱਥਰ ਤੇ ਲਕੀਰ ਸਮਝ ਕਿ ਤੈਂ ਮਰਨਾ ਮੁਕਣਾ ਨਹੀਂ, ਫੇਰ ਆਉਣਾ ਹੈ । ਮਾਨੁੱਖ ਜਾਮੇ ਵਿਚ ਆਉਣਾ ਹੈ । ਜ਼ਰਾ ਅੰਦਰ ਝਾਤੀ ਮਾਰ ਕਿ ਤੂੰ ਕੀ ਹੈਂ ? ਆਤਮਾ ਹੈਂ ਕਿ ਮਿਰਤਕ ਮੜ੍ਹਾ ਸਰੀਰ, ਕੀ ਇਹ ਬੋਲਣਹਾਰ, ਸਮਝਣ ਸੋਚਣਹਾਰ, ਉਪਕਾਰ ਚਿਤਵਨਹਾਰ, ਉਚੀਆਂ ਕਰਨੀਆਂ ਲੋਚਨਹਾਰ ਜੋ ਕੁਛ ਤੂੰ ਹੈਂ, ਇਹ ਤੇਰਾ ਹਡ ਚੰਮ ਮਾਸ ਰਕਤ ਦੇ ਮੜ੍ਹੇ ਸਰੀਰ ਨਾਲ ਹੀ ਮੁਕ ਠੁਕ ਜਾਏਗਾ ? ਕਦੇ ਨਹੀਂ ! ਤੈਂ ਨਹੀਂ ਹਾਲੇ ਮੁਕਣਾ, ਨਾ ਕਦੇ ਮਰਨਾ ਹੈ ।

ਇਹ ਉਪਰਲੇ ਬਚਨ ਐਸੇ ਵਜਦ ਅਤੇ ਚੜ੍ਹਦੀ ਕਲਾ ਦੇ ਰੰਗਾਂ ਵਿਚ ਉਚਰੇ ਗਏ (ਉਚਰਾ-ਉਣਹਾਰੇ ਨੇ ਉਚਰਾਏ) ਕਿ ਭਗਤ ਸਿੰਘ ਏਹਨਾਂ ਬਚਨਾਂ ਨੂੰ ਸੁਣ ਕੇ ਕਈ ਮਿੰਟਾਂ ਤਾਈਂ ਦਮ ਬਖ਼ੁਦ ਰਿਹਾ । ਉਸ ਦੀ ਨੀਵੀਂ ਹੇਠ ਨੂੰ ਪੈ ਗਈ, ਬੇ-ਹਿਸੋ ਹਰਕਤ ਜਿਹਾ ਹੋ ਗਿਆ । ਕਈ ਮਿੰਟ ਕੁਛ ਬੋਲਿਆ ਨਹੀਂ । ਮੈਂ ਹੱਥ ਨਾਲ ਹਲੂਣ ਕੇ ਸਾਵਧਾਨ ਕੀਤਾ ਤਾਂ ਕੀ ਵੇਖਦਾ ਹ ਕਿ ਉਸ ਦੇ ਚੇਹਰੇ ਉਤੇ ਹੋਰ ਅਨੋਖੀ

www.AKJ.Org

ਆਭਾ ਆਈ ਹੋਈ ਹੈ, ਉਹ ਬੇ-ਅਖ਼ਤਿਆਰ ਹੋ ਕੇ ਜੰਗਲੇ ਦੇ ਲਾਗੇ ਹੋ ਕੇ ਮੇਰੇ ਵਲ ਉਲਰਿਆ ਅਤੇ ਜੰਗਲੇ ਵਿਚ ਦੀ ਹੱਥ ਕੱਢ ਕੇ ਹੱਥ ਪਲਮਾਏ, ਜਿਵੇਂ ਪੈਰਾਂ ਨੂੰ ਫੜੀਦਾ ਹੈ। ਮੈਂ ਉਸ ਦੇ ਹੱਥ ਫੜ ਲਏ ਤੇ ਕਿਹਾ ਕਿ ਚਰਨ ਕੇਵਲ ਗੁਰੂ ਦੇ ਹੀ ਪਰਸੀਦੇ ਹਨ। ਉਸ ਨੂੰ ਮੈਂ ਉਠਾਇਆ। ਉਠ ਕੇ ਜਦ ਉਹ ਸੰਭਲਿਆ ਤਾਂ ਉਸ ਨੇ ਇਸ ਬਿਧ ਸੰਭਾਖਨ ਕੀਤਾ:—

"ਭਾਈ ਸਾਹਿਬ, ਆਪ ਦੇ ਬਚਨਾਂ ਨੇ ਤਾਂ ਅਮੋਘ ਬਾਣਾਂ ਵਾਲਾ ਕੰਮ ਕੀਤਾ, ਮੇਰੇ ਕੁਫ਼ਰ ਦੇ ਕੜ ਤੋੜ ਦਿਤੇ। ਮੇਰੇ ਉਤੇ ਇਕ ਚੁੰਬਕ ਕਲਾ ਵਾਲਾ ਅਸਰ ਹੋਇਆ। ਮੈਨੂੰ ਇਹ ਮਨ ਬਚ ਕਰਮ ਕਰਕੇ ਨਿਸਚਿਤ ਹੋ ਗਿਆ ਕਿ ਮੈਂ ਮਰਨਾ ਨਹੀਂ। ਮੈਂ ਉਹ ਕੁਛ ਹਾਂ ਜਿਸ ਨੇ ਮੁਕ ਨਹੀਂ ਜਾਣਾ, ਫ਼ੌਤ ਨਹੀਂ ਹੋ ਜਾਣਾ। ਮੈਂ ਇਹ ਸਰੀਰ ਜਾਮਾ ਛੱਡ ਕੇ ਫੇਰ ਜ਼ਰੂਰ ਆਉਣਾ ਹੈ ਅਤੇ ਫੇਰ ਆਉਣ ਤਾਈਂ ਸਰੀਰ ਛਡ ਕੇ ਮੇਰੀ ਆਤਮਾ ਨੇ ਸਦ ਜ਼ੀਸਤੀ ਲਹਿਰਾਉ ਵਿਚ ਕਾਇਮ ਰਹਿਣਾ ਹੈ। ਮੈਨੂੰ ਹੁਣ ਫਾਂਸੀ ਲਗਣ ਵਿਚ ਸਰੂਰ ਹਾਸਲ ਹੋਵੇਗਾ। ਮੈਂ ਤਾਂ ਕੇਵਲ ਹਠ ਕਰ ਕੇ ਬਹਾਦਰ ਬਣਿਆ ਹੋਇਆ ਸੀ ਤੇ ਮੌਤ ਨੂੰ ਮਾਊਂ ਸਮਝਦਾ ਸੀ, ਪਰ ਅੰਤਰਗਤੀ ਮੈਨੂੰ ਇਹ ਹਾਵਾ ਲਗਾ ਹੋਇਆ ਸੀ ਕਿ ਮੈਂ ਮਰ ਕੇ ਕੁਛ ਨਹੀਂ ਰਹਿਣਾ। ਮੇਰੀਆਂ ਅੱਖੀਆਂ ਅਗੇ ਇਹ ਖ਼ਿਆਲ ਕਰ ਕੇ ਹਨੇਰਾ ਛਾ ਜਾਂਦਾ ਸੀ ਤੇ ਬੜੀਆਂ ਟੋਟਾਂ ਪੈਂਦੀਆਂ ਸਨ ਕਿ ਹਾਇ, ਮੈਂ ਮਰ ਕੇ ਕੁਛ ਨਹੀਂ ਰਹਿਣਾ। ਆਪ ਦੇ ਬਚਨਾਂ ਨੇ ਮੇਰੀ ਅਚਰਜ ਕਾਇਆਂ ਪਲਟ ਦਿਤੀ ਹੈ। ਮੇਰਾ ਅੱਗਾ ਮੇਰੇ ਅੱਗੇ ਰੋਸ਼ਨ ਹੋ ਗਿਆ ਹੈ। ਨੇਸਤੀ ਨਾਬੂਦੀ ਦਾ ਖਲਾਅ, ਤੌਖਲਾ ਸਭ ਮਿਟ ਗਿਆ ਹੈ। ਮੇਰਾ ਹੌਸਲਾ ਵਧ ਗਿਆ, ਮੈਂ ਹੁਣ ਹੌਸਲੇ ਨਾਲ ਮਰਾਂਗਾ। ਮੈਨੂੰ ਆਪ ਦੇ ਜੀਵਨ ਦੀ ਜੀਵਨ-ਬੂਟੀ ਦੀ ਅਕਸੀਰ ਦਾ ਅਮਲ ਚੜ੍ਹ ਗਿਆ ਹੈ। ਆਪ ਦੇ ਜੀਵਨ ਨੇ ਇਹ ਗੱਲ ਤਾਂ ਮੇਰੇ ਹਿਰਦੇ ਅੰਦਰ ਪਹਿਲਾਂ ਹੀ ਉਕਰ ਦਿਤੀ ਹੋਈ ਸੀ ਕਿ ਆਪ ਦੀ ਕਹਿਣੀ ਤੇ ਕਰਨੀ ਇਕ ਹੈ। ਆਪ ਦਾ ਜੀਵਨ-ਭਰੋਸਾ ਮੇਰੇ ਉਤੇ ਇਹ ਅਕਸ ਲਿਆਇਆ ਹੈ ਕਿ ਆਪ ਸੋਈ ਗੱਲ ਮੂੰਹੋਂ ਬੋਲਦੇ ਕਹਿੰਦੇ ਹੋ ਜਿਸ ਗੱਲ ਦਾ ਕਿ ਆਪਣਾ ਪਰਤੱਖ ਤਜਰਬਾ ਕੀਤਾ ਹੋਇਆ ਹੁੰਦਾ ਹੈ, ਜਿਸ ਨੂੰ ਕਿ ਆਪ ਨੇ ਪਰਤੱਖ ਪੇਖਿਆ ਹੁੰਦਾ ਹੈ। ਸੋ ਮੈਨੂੰ ਨਾ ਸਿਰਫ਼ ਇਹ ਨਿਸਚਾ ਹੋ ਗਿਆ ਹੈ ਕਿ ਮੈਂ ਨਹੀਂ ਮਰਨਾ ਅਤੇ ਮੈਂ ਸਦਾ ਜੀਵਨਹਾਰੀ ਆਤਮਾ ਹਾਂ, ਬਲਕਿ ਮੈਨੂੰ ਇਹ ਭੀ ਨਿਸਚਾ ਹੋ ਗਿਆ ਹੈ ਕਿ ਰੱਬ ਵੀ ਹੈ ਅਤੇ ਉਸ ਰੱਬ ਨੂੰ ਆਪ ਨੇ ਆਪਣੀ ਅੱਖੀਂ ਦੇਖਿਆ ਹੈ। ਸੋ ਆਪ ਨੂੰ ਇਸ ਤੋਂ ਅਧਿਕ ਸਚੀ ਖ਼ੁਸ਼ੀ ਨਹੀਂ ਹੋਵੇਗੀ ਕਿ ਅੱਜ ਤੋਂ ਆਪ ਦਾ ਪਿਆਰਾ ਭਗਤ ਸਿੰਘ ਆਤਮ-ਜੀਵਨੀ-ਆਸਤਕ ਭਗਤ ਸਿੰਘ ਹੈ ਅਤੇ ਆਸਤਕ ਨਿਸਚੇ ਨੂੰ ਨਿਸਚਤ ਕਰਦਾ ਹੋਇਆ ਹੀ ਜਾਨ ਦੇਵੇਗਾ ਅਤੇ ਹੁਣ ਆਪ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਅਜ ਤੋਂ ਆਪਣਾ ਦਾੜ੍ਹਾ, ਕੇਸ ਕਦੇ ਨਹੀਂ ਕਟਾਵਾਂਗਾ* ਅਤੇ ਸਿਖ ਨਿਸਚੇ ਵਿਚ ਆਤਮ ਔਜੀ ਚੜ੍ਹਾਈ ਕਰਾਂਗਾ। ਹਾਂ! ਸਿਖਾਂ ਦੇ ਬੋਲੇ ਵਾਲਾ ਇਹ ਚੜ੍ਹਈ ਕਰਨ ਵਾਲਾ ਕੈਸਾ ਸੁੰਦਰ ਅਤੇ ਸਚਾ ਅਰਥ ਪ੍ਰਤਿਪਾਦਕ ਹੈ; ਕਿਥੇ ਚੜ੍ਹਾਈ ਕਰਨਾ ਅਤੇ ਕਿਥੇ ਮਰਨਾ? ਦੇਹ ਨੂੰ ਤਿਆਗ ਕੇ ਮੇਰੀ ਆਤਮਾ ਚੜ੍ਹਾਈ ਕਰੇਗੀ, ਉਪਰ ਅਕਾਸ਼ ਨੂੰ ਚੜ੍ਹ ਜਾਏਗੀ, ਮਰੇ ਮੁਕੇਗੀ ਨਹੀਂ। ਮੁੜ ਕੇ ਫੇਰ ਜਾਮਾ ਧਾਰੇਗੀ ਅਤੇ ਦੇਸ਼ ਕੌਮ ਦੇ ਉੱਚ ਆਦਰਸ਼ਕ ਕੰਮ ਕਰਾਏਗੀ। ਆਪ ਦੀ ਮੁਲਾਕਾਤ ਦਾ ਸੱਚਾ ਸਿੱਟਾ ਬਹੁਤ ਹੀ ਖ਼ੂਬ ਨਿਕਲਿਆ।

ਬਸ, ਏਤਨੀ ਬਾਤ ਚੀਤ ਸਮਾਪਤ ਹੋਣ ਪਰ ਅਤੇ ਤੱਤ ਆਦਰਸ਼ੀ ਸਿੱਟਾ ਮੁਲਾਕਾਤਾਂ ਦਾਂ ਨਿਕਲਣ ਪਰ ਅਸੀਂ ਪਰਸਪਰ ਆਖ਼ਰੀ ਫਤਹ ਬੁਲਾਈ ਅਤੇ ਵਿਗਸ ਵਿਗਸ਼ ਕੇ ਵਿਛੁੜੇ।

—"ਜੇਲ੍ਹ ਚਿਠੀਆਂ" ਪੁਸਤਕ ਵਿਚੋਂ

*ਭਗਤ ਸਿੰਘ ਦੇ ਫਾਂਸੀ ਲਗਣ ਪਿਛੋਂ ਅਖ਼ਬਾਰਾਂ ਵਿਚ ਇਹ ਸਿਲਸਿਲਾ ਛਿੜਿਆ ਸੀ ਕਿ ਉਸ ਦਾ ਨਿਸਚਾ ਸਿਖੀ ਪਰ ਸੀ। ਕਸੂਰ ਦੇ ਗ੍ਰੰਥੀ ਭਾਈ ਨੱਥਾ ਸਿੰਘ ਦਾ ਬਿਆਨ ਅਖਬਾਰਾਂ ਵਿਚ ਛਪਿਆ ਸੀ ਕਿ ਸਸਕਾਰ ਵੇਲੇ ਭਗਤ ਸਿੰਘ ਦੇ ਛੇ ਛੇ ਇੰਚ ਕੇਸ ਸਨ। ਸਰਕਾਰ ਨੇ ਭੀ ਏਲਾਨ ਕੀਤਾ ਸੀ ਕਿ ਇਸ ਦਾ ਮ੍ਰਿਤਕ ਸੰਸਕਾਰ ਸਿਖ ਧਰਮ ਅਨੁਸਾਰ ਕਰਾਇਆ ਗਿਆ ਸੀ। ਬੰਬਈ ਦੇ ਬਲਿਟਜ਼ ਅਖਬਾਰ ਦੇ ੨੯ ਮਾਰਚ ੧੯੪੯ ਦੇ ਪਰਚੇ ਵਿਚ ਭਗਤ ਸਿੰਘ ਦਾ ਕੇਸਾਂ ਵਾਲਾ ਫੋਟੋ ਛਪਿਆ ਸੀ।



www.AKJ.Org

# ਇਕ ਹਰਖ-ਉਪਜਾਊ ਸੱਚੀ ਸੋਅ

ਹਰ ਗੁਰੂ ਘਰ ਦੇ ਸ਼ਰਧਾਲੂ ਨੂੰ ਇਹ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਅੰਮ੍ਰਿਤਸਰ ਦੇ ਆਸ ਪਾਸ ਦੇ ਬਿਖੂਆ ਦੇ ਕੁੰਟਾਂ (ਸਿਗਰਟ-ਬੀੜੀ ਦੀਆਂ ਦੁਕਾਨਾਂ) ਵਿਚੋਂ ਇਕ ਕੁੰਟ (ਦੁਕਾਨ) ਵਿਚੋਂ ਬਿਖ (ਸਿਗਰਟ-ਬੀੜੀ ਆਦਿ) ਉਠਵਾ ਦਿਤੀ ਗਈ ਹੈ। ਕੁਝ ਕੁ ਦਿਨਾਂ ਦੀ ਬਾਤ ਹੈ ਕਿ ਤਰੁੱਣਾ ਦੁਸ਼ਟ ਮਾਰੂ ਦਲ ਦੇ ਕੁਝ ਨਿਹੰਗ ਸਿੰਘ ਬਾਜ਼ਾਰ ਮਾਈ ਸੇਵਾਂ ਵਿਚੋਂ ਲੰਘਦੇ ਜਦੋਂ ਗੁ: ਸ੍ਰੀ ਥੜਾ ਸਾਹਿਬ ਪਾਤਸ਼ਾਹੀ ਨੌਵੀਂ ਵਲ ਮੁੜੇ, ਉਨ੍ਹਾਂ ਦੀ ਨਜ਼ਰ ਇਸ ਬਜ਼ਾਰ ਦੀ ਸੱਜੀ ਨੁੱਕਰ ਵਿਚਲੀ ਵਿਸ-ਕੁੰਟ (ਸਿਗਰਟ-ਬੀੜੀ ਆਦਿ ਦੀ ਦੁਕਾਨ) ਤੇ ਪਈ। ਸ੍ਰੀ ਹਰਿਮੰਦਰ ਸਾਹਿਬ, ਜੋ ਪਛਾਣ ਵਾਲਿਆਂ ਦੀ ਨਜ਼ਰ ਵਿਚ ਦੁਨੀਆਂ ਦਾ ਸ਼੍ਰੋਮਣੀ ਮਹਾਨ ਪਵਿਤ੍ਰ ਅਸਥਾਨ ਹੈ, ਦੀ ਹਦ ਤੋਂ ਕੁਝ ਕੁ ਕਦਮਾਂ ਤੇ ਬਣੀ ਇਸ ਵਿਸ-ਕੁੰਟ ਨੇ ਸਿੰਘਾਂ ਦੇ ਲੂੰ-ਕੰਡੇ ਖੜੇ ਕਰ ਦਿਤੇ। ਉਨ੍ਹਾਂ ਨੇ ਉਥੇ ਖੜੇ-ਕਦਮੀਂ ਹੀ ਅੰਮ੍ਰਿਤਸਰ ਵਾਸੀਆਂ ਦੇ ਮੱਥੇ ਤੇ ਲੱਗੇ ਇਸ ਕਲੰਕ ਨੂੰ ਧੋਣ ਦਾ ਨਿਸਚਾ ਕਰ ਲਿਆ। ਸ਼ਸਤ੍ਰ-ਬਸਤ੍ਰ ਧਾਰਨੀ ਉਨ੍ਹਾਂ ਸਿੰਘਾਂ ਨੇ ਦੁਕਾਨਦਾਰ ਨੂੰ ਆਪਣੀ ਕੌਮੀ ਅਣਖ ਆਨ ਸ਼ਾਨ ਦੇ ਤਾਣ ਵਿਚ ਅਗਲੀ ਸਵੇਰ ਦੇ ਚੜ੍ਹਨ ਤੋਂ ਪਹਿਲੇ ਪਹਿਲੇ ਬਿਖ (ਸਿਗਰਟ ਆਦਿ) ਤੋਂ ਦੁਕਾਨ ਨੂੰ ਪਾਕ ਕਰਨ ਲਈ ਨੋਟਿਸ ਦੇ ਦਿਤਾ। ਅਗਲੇ ਦਿਨ ਜਦ ਸਿੰਘਾਂ ਨੇ ਉਸ ਪਾਸੇ ਵਲ ਗੇੜਾ ਮਾਰਿਆ ਤਾਂ ਸਚ-ਮੁੱਚ ਉਸ ਦੁਕਾਨ ਵਿਚੋਂ ਬਿਖ ਭਰੀ ਬਦ-ਬੂ ਬੰਦ ਹੋ ਚੁਕੀ ਸੀ। ਦੁਕਾਨਦਾਰ ਨੇ ਸਟੇਸ਼ਨਰੀ ਆਦਿ ਦਾ ਸਾਮਾਨ ਦੁਕਾਨ ਵਿਚ ਟਿਕਾਇਆ ਹੋਇਆ ਸੀ। ਸੰਗਤਾਂ ਨੂੰ ਮਾਲੂਮ ਹੋਵੇ ਕਿ ਇਹ ਸਿਗਰਟ ਤੰਬਾਕੂ ਆਦਿ ਦੀ ਦੁਕਾਨ ਘਟੋ ਘਟ ਦੇਸ਼-ਵੰਡ ਦੇ ਮੁੱਢ-ਕਦੀਮ ਤੋਂ ਚਲੀ ਆ ਰਹੀ ਸੀ।

ਸਾਰੇ ਸਿੰਘਾਂ, ਨਗਰ-ਨਿਵਾਸੀਆਂ, ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੇ ਕਾਰਕੁਨਾਂ, ਸ੍ਰੀ ਅੰਮ੍ਰਿਤਸਰ ਦੀ ਨਗਰੀ ਦਾ ਚਾਰ-ਸੌ ਸਾਲਾ ਦਿਨ ਮਨਾ ਰਹੇ ਗੁਰਮੁਖਾਂ ਨੂੰ ਇਸ ਨਿਕੀ ਘਟਨਾ ਤੋਂ ਇਕ ਵਡੀ ਪ੍ਰੇਰਨਾ ਲੈ ਕੇ ਇਸ ਪਵਿਤ੍ਰ-ਅਸਥਾਨ (ਸਾਰੇ ਸ਼ਹਿਰ) ਨੂੰ ਜਾਂ ਘਟੋ ਘਟ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ ਦੁਆਲੇ ਦੇ ਬਾਜ਼ਾਰਾਂ ਤੇ ਸ਼ਹਿਰ ਦੇ ਹੋਰ ਪਵਿਤਰ ਗੁਰ-ਅਸਥਾਨਾਂ ਦੇ ਨੇੜਿਓਂ ਇਸ ਗ਼ਲੀਜ਼ ਚੀਜ਼ ਨੂੰ ਪਰੇ ਕਰਨ ਦਾ ਉਦਮ ਕਰਨਾ ਚਾਹੀਦਾ ਹੈ।

---

# ਕਰ ਲੈ ਦਿਲੋਂ ਸਫ਼ਾਈ

ਕਰਮ ਅਰੰਭ ਕਰਨ ਤੋਂ ਪਹਿਲਾਂ, ਮਨ ਵਿਚ ਸੋਝੀ ਪਾ ਲਏ, ਕਰਮ ਕਮਾ ਲਏ।
ਭਲਾ ਬੁਰਾ ਫਲ ਸੋਚ ਆਦਿ ਵਿਚ, ਫਿਰ ਤੂੰ ਕਦਮ ਉਠਾ ਲਏ, ਲੇਖ ਲਿਖਾ ਲਏ।
ਲੇਖ ਲਿਖਾ ਕੇ ਏਸ ਜਗਤ ਵਿਚ, ਤੂੰ ਮੁੜ ਫੇਰੀ ਪਾ ਲਏ, ਵੇਖ ਵਿਖਾ ਲਏ।
ਵੇਖ ਵਿਖਾ ਕੇ ਮਾਰ ਉਡਾਰੀ, ਸੂਫ਼ੀ ਸਫ਼ਰ ਮੁਕਾ ਲਏ, ਖੇਦ ਮਿਟਾ ਲਏ।੩੬੫।
ਰੱਖੇਂ ਹੁਨਰ ਹਥੇਲੀ ਉੱਤੇ, ਪਰਗਟ ਕਰੇਂ ਭਲਾਈ, ਨਿਰਮਲਤਾਈ।
ਐਬ ਛਿਪਾ ਕੇ ਬਗਲਾਂ ਅੰਦਰ, ਲੁਕਵੀਂ ਕਰੇਂ ਬੁਰਾਈ, ਮੂਰਖਤਾਈ।
ਅੰਤ ਸਮੇਂ ਜਦ ਏਥੋਂ ਤੁਰਿਓਂ, ਕੀ ਜਾਊ ਸੰਗ ਭਾਈ, ਕਰਮ ਕਮਾਈ?
ਸੂਫ਼ੀ ਸੁਣ ਹੰਕਾਰੀ ਬੰਦੇ, ਕਰ ਲੈ ਦਿਲੋਂ ਸਫ਼ਾਈ, ਵਿਚ ਖ਼ੁਦਾਈ।੩੬੬।

[ ਸਾਧੂ ਸਿੰਘ ਸੂਫ਼ੀ ਲਿਖਤ ਪੁਸਤਕ 'ਸੂਫ਼ੀ ਡਿਉਢਾਂ' ਵਿਚੋਂ

---

**ਸ੍ਰੀ ਅਨੰਦਪੁਰ ਹੋਲੇ ਮਹੱਲੇ ਸਮੇਂ** ਦਾਸ ਦਾ ਬੈਗ, ਜਿਸ ਵਿਚ ਕੁਝ ਕਪੜੇ ਸਨ, ਤੰਬੂ ਨੰਬਰ ਤਿੰਨ ਵਿਚ ਰਹਿ ਗਿਆ ਹੈ। ਜਿਸ ਸਜਣ ਨੂੰ ਇਹ ਬੈਗ ਮਿਲਿਆ ਹੋਵੇ, ਦਾਸ ਨੂੰ ਪਤਾ ਦੇਵੇ।

ਦਾਸ—ਤੇਜਿੰਦਰ ਸਿੰਘ, 56/ਹੋਸਟਲ ਨੰਬਰ 1, ਗੁਰੂ ਨਾਨਕ ਇੰਜੀਨੀਰਿੰਗ ਕਾਲਜ, ਲੁਧਿਆਣਾ

www.AKJ.Org

# ਇਹ ਅਣਗਹਿਲੀ ਕਿਉਂ ?

ਬੁੱਢਾ ਦਲ ਦੇ ਬਾਬਾ ਸੰਤਾ ਸਿੰਘ ਜੀ ਵਲੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਮਰਯਾਦਾ ਸਬੰਧੀ ਅਖੌਤੀ ਹੁਕਮਨਾਮੇ ਦਾ ਪੋਲ ਦਸੰਬਰ ੧੯੭੬ ਦੇ "ਸੂਰਾ" ਵਿਚ ਚੰਗੀ ਤਰ੍ਹਾਂ ਖੋਲ੍ਹਿਆ ਗਿਆ ਸੀ। ਹੋਰ ਵੀ ਥਾਉਂ ਥਾਈਂ ਪੰਥ-ਦਰਦੀਆਂ ਵਲੋਂ ਬਾਬਿਆਂ ਦੇ ਇਸ ਕਰਤੱਵ ਤੇ ਕਰੜੀ ਨੁਕਤਾਚੀਨੀ ਹੋਈ ਸੀ।

ਅਜ ਕਲ੍ਹ ਹੀ ਬੁੱਢਾ ਦਲ ਵਲੋਂ ਦੋ ਪੰਨਿਆਂ ਦਾ ਇਕ ਪਰਚਾ ਹੇਠ ਲਿਖੇ ਸਿਰਲੇਖ ਨਾਲ ਛਾਪਿਆ ਗਿਆ ਹੈ:—

**ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ**
**ਸ਼੍ਰੋਮਣੀ ਪੰਥ ਅਕਾਲੀ ਬੁਢਾ ਦਲ ਪੰਜਵਾਂ ਤਖ਼ਤ**
**ਨਾਲ ਝਗੜੇ ਦਾ ਮੂਲ**

ਖ਼ੁਦ-ਸਾਖ਼ਤਾ "ਪੰਥ ਪਾਤਸ਼ਾਹ" ਜੀ ਨੇ ਬੜੀ ਲੰਮੀ ਚੌੜੀ ਵਿਥਿਆ ਦੇਣ ਮਗਰੋਂ ਪਰਚੇ ਦੇ ਅਖ਼ੀਰ ਵਿਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਬੰਧਕਾਂ ਨਾਲ ਉਹਨਾਂ ਦੇ ਹੋਏ ਸਮਝੌਤੇ ਅਤੇ ਇਸ ਦੇ ਅਧੀਨ ਉਪ੍ਰੋਕਤ ਸੰਸਥਾਵਾਂ ਵਲੋਂ ਲਿਖੀਆਂ ਗਈਆਂ ਚਿਠੀਆਂ ਦੀਆਂ ਨਕਲਾਂ ਦਿਤੀਆਂ ਹਨ, ਜੋ ਪਾਠਕਾਂ ਦੀ ਗਿਆਤ ਲਈ ਸਗਵੇਂ ਰੂਪ ਵਿਚ ਛਾਪੀਆਂ ਜਾਂਦੀਆਂ ਹਨ:—

ਸ਼੍ਰੋ: ਪੰਥ ਅਕਾਲੀ ਦਲ ਚਲਦਾ ਵਹੀਰ ਪੰਜਵਾਂ ਤਖ਼ਤ ਸ਼ਰੋਮਣੀ ਗੁਰਦਵਾਰਾ
ਪ੍ਰਬੰਧਕ ਕਮੇਟੀ ਤੇ ਸ਼ਰੋਮਣੀ ਅਕਾਲੀ ਦਲ ਨਾਲ ਹੋਏ

**ਸਮਝੌਤੇ ਦੀ ਇਕ ਝਲਕ**

ਜੋ ਜੈਕਾਰਿਆਂ ਦੀ ਗੂੰਜ ਨਾਲ ਪ੍ਰਵਾਨ ਹੋਈ

ਪੰਥ ਅਕਾਲੀ ਬੁੱਢਾ ਦਲ ਦਾ ਸਤਿਕਾਰ ਤੇ ਮਾਨ ਹਰ ਸਿਖ ਪ੍ਰਾਣੀ ਤੇ ਹਿੰਦੁਸਤਾਨੀ ਅਥਵਾ ਦੁਨੀਆਂ ਦੇ ਲੋਕਾਂ ਦੇ ਸਦਾ ਹੀ ਦਿਲ ਵਿਚ ਰਿਹਾ ਹੈ। ਪੰਥ ਅਕਾਲੀ ਬੁੱਢਾ ਦਲ ਦੀ ਹੋਂਦ ਸਦਾ ਹੀ ਜੁਗੋ ਜੁਗ ਅਟੱਲ ਹੈ। ਸ਼ਰੋਮਣੀ ਅਕਾਲੀ ਦਲ ਤੇ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਇਸ ਗੱਲ ਦੀ ਪਰੋੜ੍ਹਤਾ ਕਰਦੀ ਹੋਈ ਇਸ ਸਤਿਕਾਰ ਤੇ ਮਾਨ ਨੂੰ ਖਿੜੇ ਮੱਥੇ ਪ੍ਰਵਾਨ ਕਰਦੀ ਹੈ।

(1) ਪੰਥ ਅਕਾਲੀ ਬੁੱਢਾ ਦਲ ਦੇ ਜਥੇਦਾਰ ਸਾਹਿਬ ਦਾ ਸਤਿਕਾਰ ਹਰ ਵੇਲੇ ਤਸਲੀਮ ਹੁੰਦਾ ਰਿਹਾ ਤੇ ਜੁਗੋ ਜੁਗ ਰਹੇਗਾ।

(2) ਪੰਥ ਅਕਾਲੀ ਬੁੱਢਾ ਦਲ ਇਕ ਨਿਰੋਲ ਧਾਰਮਿਕ ਜਥੇਬੰਦੀ ਹੈ। ਸ਼ਰੋਮਣੀ ਅਕਾਲੀ ਦਲ ਸਿਖ ਕੌਮ ਦੀ ਇਕ ਰਾਜਸੀ ਜਥੇਬੰਦੀ ਹੈ। ਕਿਉਂਕਿ ਸਿੰਘਾਂ ਦਾ ਧਰਮ ਤੇ ਸਿਆਸਤ ਇਕੱਠੇ ਹਨ, ਇਸ ਲਈ ਪੰਥ ਅਕਾਲੀ ਬੁੱਢਾ ਦਲ ਦਾ ਇਕ ਪ੍ਰਤੀਨਿਧ ਸ਼ਰੋਮਣੀ ਅਕਾਲੀ ਦਲ ਦੀ ਅੰਤ੍ਰਿੰਗ ਕਮੇਟੀ ਦਾ ਮੈਂਬਰ ਹੋਵੇਗਾ। ਇਹ ਫੈਸਲਾ ਆਉਣ ਵਾਲੇ ਹਰ ਸਮੇਂ ਵਿਚ ਲਾਗੂ ਰਹੇਗਾ।

(3) ਪੰਥ ਅਕਾਲੀ ਬੁੱਢਾ ਦਲ ਚਲਦਾ ਵਹੀਰ ਪੰਜਵਾਂ ਤਖਤ ਪ੍ਰਾਚੀਨ ਸਮੇਂ ਤੋਂ ਚਲਿਆ ਆਉਂਦਾ ਹੈ। ਆਉਣ ਵਾਲੇ ਸਮੇਂ ਵਿਚ ਜਿਸ ਕਿਸੇ ਅਸਥਾਨ ਤੇ ਪੰਥਕ ਮਸਲਾ ਜਾਂ ਧਾਰਮਿਕ ਮਸਲਾ ਸਿਖ ਕੌਮ ਦੇ ਸਾਹਮਣੇ ਆਇਗਾ ਉਸ ਵਿਚ ਤਖ਼ਤ ਸਾਹਿਬ ਦੇ ਚਾਰ ਜਥੇਦਾਰਾਂ ਤੋਂ ਛੁਟ ਜਥੇਦਾਰ ਪੰਥ ਅਕਾਲੀ ਬੁੱਢਾ ਦਲ ਵੀ ਸਦਾ ਸ਼ਾਮਿਲ ਕੀਤੇ ਜਾਇਆ ਕਰਨਗੇ। ਇਹ ਫੈਸਲਾ ਆਉਣ ਵਾਲੇ ਸਮੇਂ ਲਈ ਸਮੁਚੇ ਪੰਥ ਦਾ ਫੈਸਲਾ ਮੰਨਿਆ ਜਾਵੇਗਾ। ਪੰਥ ਅਕਾਲੀ ਬੁੱਢਾ ਦਲ ਅਤੇ ਸਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਵਿਚਾਲੇ ਝਗੜੇ ਅਦਾਲਤਾਂ ਵਿਚ ਚਲਦੇ ਹਨ ਅਤੇ ਕਈ ਥਾਂ ਤੇ ਪ੍ਰਾਚੀਨ ਪਰੰਪਰਾ ਦੇ ਮੁਕਾਬਕ ਰਸਦਾਂ ਵਗੈਰਾ ਦਿਤੇ ਜਾਣ ਤੇ ਵਿਰੋਧ ਰਿਹਾ ਹੈ। ਇਸ ਸਾਰਿਆਂ ਮੁਆਮਲਿਆਂ ਦਾ ਫੈਸਲਾ ਅਦਾਲਤਾਂ ਰਾਹੀਂ ਨਹੀਂ ਕਰਾਇਆ ਜਾਏਗਾ। ਇਨ੍ਹਾਂ ਸਾਰਿਆਂ ਝਗੜਿਆਂ ਦਾ ਫੈਸਲਾ ਸਾਲਸੀ ਤੌਰ


www.AKJ.Org

ਤੇ ਕੀਤਾ ਜਾਵੇਗਾ । ਸਾਲਸ ਇਸਦੇ ਹੇਠ ਲਿਖੇ ਅਨੁਸਾਰ ਹੋਣਗੇ—

1. ਪੰਥ ਅਕਾਲੀ ਬੁੱਢਾ ਦਲ ਦਾ ਇਕ ਨੁਮਾਇੰਦਾ ਜਥੇਦਾਰ ਸਾਹਿਬ ਬੁੱਢਾ ਦਲ ਨਾਮਜ਼ਦ ਕਰਨਗੇ।

2. ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਇਕ ਨੁਮਾਇੰਦਾ ਲਿਆ ਜਾਵੇਗਾ।

3. ਤੀਸਰਾ ਨੁਮਾਇੰਦਾ ਦੋਹਾਂ ਧਿਰਾਂ ਦਾ ਸਾਂਝਾ ਹੋਏਗਾ ਜੋ ਜਥੇਦਾਰ ਸਾਹਿਬ ਬੁੱਢਾ ਦਲ ਤੇ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਸਾਹਿਬ ਦੀ ਪ੍ਰਸਪਰ ਵਿਚਾਰ ਨਾਲ ਚੁਣਿਆ ਜਾਏਗਾ। ਇਨ੍ਹਾਂ ਸਾਲਸੀ ਫੈਸਲਿਆਂ ਨੂੰ ਕਾਨੂੰਨੀ ਸ਼ਕਲ ਦੇ ਦਿਤੀ ਜਾਏਗਾ।

ਜ: ਸੰਤਾ ਸਿੰਘ, ਜਥੇਦਾਰ ਬੁੱਢਾ ਦਲ — ਸ: ਗੁਰਚਰਨ ਸਿੰਘ ਟੌਹੜਾ

ਸ: ਪ੍ਰਕਾਸ਼ ਸਿੰਘ ਬਾਦਲ — ਸ: ਮੋਹਨ ਸਿੰਘ ਤੁੜ

ਮੇਲ ਮਿਲਾਪ ਉਪਰੰਤ ਸ਼ਰੋਮਣੀ ਗੁ: ਪ੍ਰ: ਕਮੇਟੀ ਵਲੋਂ

ਸਮੂੰਹ ਗੁਰਦਵਾਰਿਆਂ ਦੀ ਮੈਨਜਮੈਂਟ ਨੂੰ ਘੱਲੀ ਗਈ ਚਿੱਠੀ ਦਾ ਉਤਾਰਾ

ਟੈਲੀਫੂਨ ਨੰ: 43435

ੴ ਵਾਹਿਗੁਰੂ ਜੀ ਕੀ ਫਤਹ॥

## ਦਫਤਰ ਸ਼੍ਰੋ: ਗੁ: ਪ੍ਰ: ਕਮੇਟੀ

ਨੰ: 10420 — ਤੇਜਾ ਸਿੰਘ ਸਮੁੰਦਰੀ ਹਾਲ ਸ੍ਰੀ ਅੰਮ੍ਰਿਤਸਰ — 15–11–74

1. ਸਮੂੰਹ ਮੈਨੇਜਰ ਗੁ: ਸਾਹਿਬਾਨ ਸੈਕਸ਼ਨ 85
2. ਸਮੂੰਹ ਪ੍ਰਧਾਨ ਸਾਹਿਬ ਲੋਕਲ ਗੁ: ਕਮੇਟੀਆਂ ਸੈਕਸ਼ਨ 87

ਪੰਥ ਅਕਾਲੀ ਬੁੱਢਾ ਦਲ ਸ਼੍ਰੋ: ਗੁ: ਪ੍ਰ: ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨਾਲ ਮੇਲ ਮਿਲਾਪ ਹੋਣ ਦੀ ਖੁਸ਼ੀ ਹੋਈਹੈ। ਇਸਦੀ ਆਪ ਸਭ ਨੂੰ ਵਧਾਈ ਹੋਵੇ। ਪੰਥ ਅਕਾਲੀ ਬੁਢਾ ਦਲ ਚਲਦਾ ਵਹੀਰ ਪੰਜਵਾਂ ਤਖਤ ਤੇ ਉਸਦੇ ਜਥੇਦਾਰ ਸਾਹਿਬ ਸਿੰਘ ਸਾਹਿਬ ਸੰਤਾ ਸਿੰਘ ਜੀ 96 ਕਰੋੜੀ ਜਦੋਂ ਵੀ ਜੋੜ ਮੇਲਿਆਂ ਤੇ ਗੁਰਦਵਾਰਾ ਸਾਹਿਬਾਨ ਵਿਖੇ ਪੁਜਣ ਉਦੋਂ ਉਨ੍ਹਾਂ ਦਾ ਪੂਰਾ ਪੂਰਾ ਮਾਨ ਤੇ ਸਤਿਕਾਰ ਕੀਤਾ ਜਾਵੇ।

ਮਹਿੰਦਰ ਸਿੰਘ ਗਿਆਨੀ ਸਕੱਤ੍ਰ ਸ਼੍ਰੋ: ਗੁ: ਪ੍ਰ: ਕਮੇਟੀ

ਉਤਾਰਾ ਸ੍ਰੀਮਾਨ ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ, ਜਥੇਦਾਰ 96 ਕਰੋੜੀ ਬੁੱਢਾ ਦਲ

ਟੈਲੀਫੂਨ ਨੰ: 42909

ੴ ਵਾਹਿਗੁਰੂ ਜੀ ਕੀ ਫਤਹਿ॥

## ਦਫਤਰ ਸ਼ਰੋਮਣੀ ਅਕਾਲੀ ਦਲ ਸ੍ਰੀ ਅੰਮ੍ਰਿਤਸਰ

ਨੰਬਰ 2419 — SHIROMANI AKALI DAL SRI AMRITSAR — ਮਿਤੀ 29-7-1976

ਪਰਮ ਸਤਿਕਾਰ ਯੋਗ ਸਿੰਘ ਸਾਹਿਬ ਜਥੇਦਾਰ ਨਿਹੰਗ ਬੁਢਾ ਦਲ ਪੰਜਵਾਂ ਤਖਤ, ਚਲਦਾ ਵਹੀਰ ਜੀਓ,

ਸਨਿਮ੍ਰ ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥



www.AKJ.Org

ਇਹ ਜਾਣਕੇ ਪ੍ਰਸੰਨਤਾ ਹੋਈ ਹੈ, ਕਿ ਆਪ ਸਿੰਘ ਸਾਹਿਬ ਜਥੇਦਾਰ, ਬਾਬਾ ਸਾਹਿਬ ਸਿੰਘ ਜੀ ਦੀ ਬਰਸੀ ਗੁਰਦੁਵਾਰਾ ਸ੍ਰੀ ਬੰਗਲਾ ਸਾਹਿਬ ਵਿਖੇ ਮਨਾ ਰਹੇ ਹੋ, ਮੈਂ ਇਸ ਮੌਕੇ ਤੇ ਖੁਦ ਹਾਜ਼ਰ ਹੋ ਕੇ ਬਾਬਾ ਜੀ ਪ੍ਰਤਿ ਆਪਣੀ ਸ਼ਰਧਾ ਦੇ ਫੁਲ ਭੇਟ ਕਰਦਾ, ਪ੍ਰੰਤੂ ਵਰਤਮਾਨ ਅੰਦੋਲਨ ਦੀਆਂ ਜ਼ਿੰਮੇਵਾਰੀਆਂ ਅਤੇ ਮਜਬੂਰੀਆਂ ਕਾਰਨ ਮੈਂ ਖੁਦ ਹਾਜ਼ਰ ਹੋਣ ਤੋਂ ਅਸਮਰਥ ਹਾਂ, ਅਤੇ ਖਿਮਾਂ ਦੀ ਜਾਚਨਾ ਕਰਦਾ ਹਾਂ।

ਆਪ ਦੀ ਮਹਾਨ ਸ਼ਖਸੀਅਤ ਅਤੇ ਉਚੀ ਪਦਵੀ ਉਤੇ ਸਮੁਚੇ ਪੰਥ ਨੂੰ ਬੜਾ ਮਾਣ ਹੈ ਅਤੇ ਆਪ ਨੇ ਸਿੰਘ ਸਾਹਿਬ ਜਥੇਦਾਰ ਬਾਬਾ ਸਾਹਿਬ ਸਿੰਘ ਜੀ ਅਤੇ ਸਿੰਘ ਸਾਹਿਬ ਜਥੇਦਾਰ ਚੇਤ ਸਿੰਘ ਜੀ ਦੀਆਂ ਸੰਘਾਉ-ਭਰਪੂਰ ਅਤੇ ਪੰਥਕ ਪਰੰਪਰਾਵਾਂ ਨੂੰ ਚਾਲੂ ਰੱਖਿਆ ਹੈ, ਅਤੇ ਆਸ ਹੈ ਕਿ ਆਪ ਪੰਥ ਵਿਚ ਇਸੇ ਤਰ੍ਹਾਂ ਚਲਦੇ ਵਹੀਰ ਨਾਲ ਗੁਰਸਿਖੀ ਦੀ ਚੜ੍ਹਦੀ ਕਲਾ ਦੀ ਜੋਤ ਨੂੰ ਜਗਮਗਾਉਂਦੇ ਰਖੋਗੇ। ਸ਼ਰੋਮਣੀ ਅਕਾਲੀ ਦਲ ਦੀਆਂ ਸੇਵਾਵਾਂ, ਸ਼ੁਭ ਇਛਾਵਾਂ ਸਦਾ ਆਪ ਦੇ ਨਾਲ ਹਨ। ਗੁਰਪੁਰਵਾਸੀ ਸ੍ਰੀਮਾਨ ਬਾਬਾ ਸਾਹਿਬ ਸਿੰਘ ਜੀ ਵਰਗੇ ਮਹਾਂਪੁਰਖਾਂ ਦੀ ਦੇਣ ਪੰਥ ਨਹੀਂ ਭੁਲਾ ਸਕਦਾ। ਮੇਰੀ ਅਰਦਾਸ ਹੈ ਕਿ ਵਾਹਿਗੁਰੂ ਆਪ ਨੂੰ ਹਰ ਮੈਦਾਨ ਫਤਹਿ ਬਖ਼ਸ਼ੇ, ਅਤੇ, ਦਲ, ਆਪਦੀ ਛੱਤਰ ਛਾਇਆ ਹੇਠ ਉਨਤੀ ਕਰਦਾ ਰਹੇ।

ਅਤਿ ਸਤਿਕਾਰ ਸਹਿਤ,

ਗੁਰੂ ਪੰਥ ਦਾ ਦਾਸ, [ਸਹੀ] ਹਰਚੰਦ ਸਿੰਘ

ਹਰਚੰਦ ਸਿੰਘ (ਸੰਤ) ਲੌਂਗੋਵਾਲ, ਪ੍ਰਧਾਨ ਸ਼ਰੋਮਣੀ ਅਕਾਲੀ ਦਲ ਸ੍ਰੀ ਅੰਮ੍ਰਿਤਸਰ

ਸਾਡੀਆਂ ਸੰਸਥਾਵਾਂ ਦੇ ਉਪ੍ਰੋਕਤ ਸਮਝੌਤਾ-ਪਤਰ ਅਤੇ ਚਿੱਠੀਆਂ ਵਿਚ ਅਕਾਲੀ ਬੁੱਢਾ ਦਲ ਨੂੰ "**ਚਲਦਾ ਵਹੀਰ ਪੰਜਵਾਂ ਤਖ਼ਤ**" ਦੇ ਨਾਮ ਨਾਲ ਵਰਨਣ ਕੀਤਾ ਗਿਆ ਹੈ। ਫਿਰ ਅਗੇ ਚਲ ਕੇ ਲਿਖਿਆ ਗਿਆ ਹੈ ਕਿ :—

"ਆਉਣ ਵਾਲੇ ਸਮੇਂ ਵਿਚ ਜਿਸ ਕਿਸੇ ਅਸਥਾਨ ਤੇ ਪੰਥਕ ਮਸਲਾ ਜਾਂ ਧਾਰਮਿਕ ਮਸਲਾ ਸਿਖ ਕੌਮ ਦੇ ਸਾਹਮਣੇ ਆਏਗਾ, ਉਸ ਵਿਚ **ਤਖ਼ਤ ਸਾਹਿਬਾਂ ਦੇ ਚਾਰ ਜਥੇਦਾਰਾਂ** ਤੋਂ ਛੁਟ ਜੱਥੇਦਾਰ ਪੰਥ ਅਕਾਲੀ ਬੁੱਢਾ ਦਲ ਵੀ ਸਦਾ ਸ਼ਾਮਲ ਕੀਤੇ ਜਾਇਆ ਕਰਨਗੇ।"

ਸਮਝੌਤਾ ਕਰਨ ਵਾਲੇ ਭਦਰ ਪੁਰਸ਼ਾਂ ਤੋਂ ਕੋਈ ਪੁਛੇ ਕਿ ਪੰਥਕ ਤਖ਼ਤ ਤਾਂ ਪੰਜ ਹਨ—(੧) ਸ੍ਰੀ ਅਕਾਲ ਤਖ਼ਤ ਸਾਹਿਬ, (੨) ਸ੍ਰੀ ਕੇਸਗੜ੍ਹ ਸਾਹਿਬ, (੩) ਸ੍ਰੀ ਦਮਦਮਾ ਸਾਹਿਬ, (੪) ਸ੍ਰੀ ਪਟਨਾ ਸਾਹਿਬ ਅਤੇ (੫) ਸਚਖੰਡ ਸ੍ਰੀ ਹਜ਼ੂਰ ਸਾਹਿਬ (ਦੇਖੋ ਪੰਨਾ ੧੯, ਸਿਖ ਰਹਿਤ ਮਰਯਾਦਾ, ਪ੍ਰਕਾਸ਼ਕ ਸ਼੍ਰੋ: ਗੁ: ਪ੍ਰ: ਕਮੇਟੀ)।

ਇਸ ਅਨੁਸਾਰ ਸਮਝੌਤੇ ਦੀ ਲਿਖਤ ਵਿਚ ਪੰਜਾਂ ਤਖ਼ਤਾਂ ਦੇ ਪੰਜਾਂ ਜਥੇਦਾਰਾਂ ਵਿਚੋਂ ਕਿਹੜੇ ਤਖ਼ਤ ਨੂੰ ਛਡ ਕੇ ਉਸਦੀ ਥਾਵੇਂ ਬੁੱਢਾ ਦਲ ਦੇ ਚਲਦੀ ਵਹੀਰ ਦੇ ਜਥੇਦਾਰ ਨੂੰ ਸ਼ਾਮਲ ਕੀਤਾ ਜਾਣਾ ਪ੍ਰਵਾਨ ਕੀਤਾ ਗਿਆ ਹੈ ਅਤੇ ਇੰਜ ਕੀਤੇ ਜਾਣਾ ਕਿਵੇਂ ਤੇ ਕਿਥੋਂ ਦੀ ਗੁਰਮਤਿ ਹੈ?

ਭਲਾ ਉਪ੍ਰੋਕਤ ਪੰਜ ਤਖ਼ਤਾਂ ਤੋਂ ਛੁਟ ਜੇ "ਅਕਾਲੀ ਬੁਢਾ ਦਲ ਚਲਦਾ ਵਹੀਰ" ਨੂੰ ਵੀ ਤਖ਼ਤ ਸਵੀਕਾਰ ਕੀਤਾ ਜਾਏ ਤਾਂ ਏਸ ਤਰ੍ਹਾਂ ਤਖ਼ਤਾਂ ਦੀ ਕੁਲ ਗਿਣਤੀ ਕਿੰਨੀ ਹੋਏਗੀ? ਪੰਜ ਜਾਂ ਛੇ? ਸਪੱਸ਼ਟ ਹੈ ਕਿ ਇਹ ਸਮਝੌਤਾ ਕਰਨ ਲਗਿਆਂ, ਮੰਨੀ ਪ੍ਰਮੰਨੀ ਸਿਖ ਰਵਾਇਤ ਦੀ ਪ੍ਰਵਾਹ ਨਹੀਂ ਕੀਤੀ ਗਈ। ਭਲਾ ਜੇ ਵਾੜ ਹੀ ਖੇਤ ਨੂੰ ਖਾਣ ਲਗ ਪਏ ਤਾਂ ਰਾਖੀ ਕੌਣ ਕਰੇਗਾ?

ਕਿਸੇ ਕੇਂਦਰੀ ਸੰਸਥਾ ਦੀ ਸਿਆਣਪ ਏਸ ਗੱਲ ਵਿਚ ਹੀ ਸਮਝੀ ਜਾਂਦੀ ਹੈ ਕਿ ਉਹ ਸਾਰੀਆਂ ਸੰਸਥਾਵਾਂ ਅਤੇ ਸੰਪ੍ਰਦਾਵਾਂ ਨੂੰ ਆਪਣੇ ਨਾਲ ਸੰਗਠਤ ਰਖੇ ਅਤੇ ਮਿਲਾਉਣੀ ਵਾਲਾ ਵਤੀਰਾ ਅਪਣਾਈ ਰਖੇ। ਪਰ ਮਿਲਾਉਣੀ ਗੁਰਮਤਿ ਸਿਧਾਂਤਾਂ ਦੇ ਅਨਕੂਲ ਕੀਤੀ



www.AKJ.Org

ਜਾਣੀ ਹੀ ਠੀਕ ਕਹੀ ਜਾ ਸਕਦੀ ਹੈ, ਨਾ ਕਿ ਸਿਧਾਂਤਾਂ ਦੀ ਕੁਰਬਾਨੀ ਦੇ ਕੇ।

ਅਕਾਲੀ ਬੁੱਢਾ ਦਲ ਨਾਲ ਕੀਤੇ ਗਏ ਸਮਝੌਤੇ ਦੀ ਲਿਖਤ ਯਕੀਨਨ ਅਜਿਹੀ ਹੈ ਜਿਸ ਦੁਆਰਾ ਗਲਤ- ਫ਼ਹਿਮੀ ਉਪਜਦੀ ਹੈ। ਸੋ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਬੰਧਕਾਂ ਨੂੰ ਇਸ ਸਬੰਧੀ ਸਪੱਸ਼ਟੀਕਰਨ ਤੁਰਤ ਜਾਰੀ ਕਰਨਾ ਚਾਹੀਦਾ ਹੈ।

ਦੂਜੇ ਪਾਸੇ ਅਕਾਲੀ ਬੁਢਾ ਦਲ ਦੀ ਇਹ ਸੋਚਣੀ ਕਿ ਉਹਨਾਂ ਨਾਲ ਪੰਥਕ ਜਥੇਬੰਦੀਆਂ ਦੇ ਪੰਥਕ-ਮਿਲਾਉਣੀ ਦੀ ਭਾਵਨਾ ਨਾਲ ਕੀਤੇ ਸਮਝੌਤੇ ਰਾਹੀਂ ਸਮੁਚੇ ਪੰਥ ਦੀ ਵਾਗ-ਡੋਰ ਉਹਨਾਂ ਦੇ ਹੱਥ ਆ ਗਈ ਹੈ ਅਤੇ ਉਹਨਾਂ ਦੀ ਸੰਸਥਾ ਹੀ ਸਮੁੱਚਾ ਸਿਖ ਪੰਥ ਹੈ, ਬੜੀ ਖ਼ਤਰਨਾਕ ਤੇ ਦੁਖਦਾਈ ਹੈ। ਇਹ ਬਹਾਦਰ ਨਿਹੰਗ ਸਿੰਘਾਂ ਦੀ ਸੰਸਥਾ ਨੂੰ ਐਵੇਂ ਹਾਸੋ-ਹੀਣੀ ਬਣਾਉਣ ਵਾਲੀ ਗੱਲ ਹੈ।

ਸਾਰੀਆਂ ਪੰਥਕ ਸੰਪਰਦਾਵਾਂ ਲਈ ਜ਼ਰੂਰੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿਖ ਇਤਿਹਾਸ ਦੀ ਰੌਸ਼ਨੀ ਵਿਚ ਬਝੀਆਂ ਸਿਖ ਰਿਵਾਇਤਾਂ ਨੂੰ ਕਾਇਮ ਰਖਣ ਲਈ ਪੰਥ ਦਾ ਅੰਗ ਬਣ ਕੇ ਆਪਣਾ ਸੁਚੱਜਾ ਸਹਿਯੋਗ ਕੇਂਦਰੀ ਪੰਥਕ-ਸੰਸਥਾ ਸ਼੍ਰੋ: ਗੁ: ਪ੍ਰ: ਕਮੇਟੀ ਨੂੰ ਦੇਣ ਅਤੇ ਕੌਮ ਨੂੰ ਚੜ੍ਹਦੀਆਂ ਕਲਾਂ ਵਿਚ ਲਿਜਾਣ, ਨਾ ਕਿ ਝਗੜੇ ਤੇ ਵਾਦ-ਵਿਵਾਦ ਖੜੇ ਕਰ ਕੇ ਪੰਥਕ ਸੱਤਾ ਨੂੰ ਖੇਰੂ ਖੇਰੂ ਕਰਨ।

## ਸ਼੍ਰੋ: ਗੁ: ਪ੍ਰ: ਕਮੇਟੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ

ਅਕਾਸ਼ਬਾਣੀ ਜਲੰਧਰ ਨੇ ਮਿਤੀ 27–3–77 ਸ਼ਾਮ ਦੇ ਪ੍ਰਦੇਸ਼ਕ ਸਮਾਚਾਰ ਵਿਚ ਖ਼ਬਰ ਦਿੱਤੀ ਹੈ ਕਿ ਚਾਲੂ ਸਾਲ ਦੇ ਬਜਟ ਵਿਚੋਂ ਸ਼੍ਰੋ: ਗੁ: ਪ੍ਰ: ਕਮੇਟੀ ਨੇ 50 ਲਖ ਰੁਪਏ ਦੀ ਰਕਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਆਦਿ ਲਈ ਨਿਸਚਿਤ ਕੀਤੀ ਹੈ। ਇਸ ਰਕਮ ਨਾਲ ਪਾਵਨ ਬੀੜਾਂ ਅਤੇ ਗੁਰਬਾਣੀ ਦੀ ਛਪਾਈ ਲਈ ਆਟੋਮੈਟਿਕ ਪ੍ਰੈਸ ਲਗਾਇਆ ਜਾਵੇਗਾ, ਅਤੇ ਬੀੜਾਂ ਨੂੰ ਸਤਿਕਾਰ ਪੂਰਬਕ ਢੰਗ ਨਾਲ ਛਾਪ ਕੇ ਗੁਰਸਿਖਾਂ ਨੂੰ ਮੋਖ ਰਹਿਤ ਭੇਟਾ ਕੀਤਾ ਜਾਵੇਗਾ।

ਸਾਰੇ ਸਿਖ-ਜਗਤ ਵਾਸਤੇ ਇਹ ਬੜੀ ਪ੍ਰਸੰਨਤਾ ਜਨਕ ਖ਼ਬਰ ਹੈ। ਭਾਵੇਂ ਸ਼੍ਰੋ: ਗੁ: ਪ੍ਰ: ਕਮੇਟੀ ਅਗੇ ਵੀ ਕਾਫ਼ੀ ਦੇਰ ਤੋਂ ਬੀੜਾਂ ਦੀ ਛਪਾਈ ਕਰ ਰਹੀ ਹੈ, ਪਰ ਇਸ ਵੇਲੇ ਬੀੜਾਂ ਦੀ ਛਪਾਈ ਦਾ ਕੰਮ ਬਹੁਤ ਕਰਕੇ ਵਪਾਰੀ ਪ੍ਰਕਾਸ਼ਕਾਂ ਦੇ ਹੱਥ ਵਿਚ ਹੈ। ਵਪਾਰੀ ਪ੍ਰਕਾਸ਼ਕਾਂ ਦਾ ਮੁਖ ਨਿਸ਼ਾਨਾ ਮੁਨਾਫ਼ਾ-ਖ਼ੋਰੀ ਹੈ। ਬਜ਼ਾਰੀ ਪ੍ਰਕਾਸ਼ਕਾਂ ਵਲੋਂ ਬੀੜਾਂ ਦੀ ਛਪਾਈ ਵਿਚ ਵਰਤੀ ਜਾ ਰਹੀ ਅਣਗਹਿਲੀ ਦੇ ਕਾਰਨ ਅਜ ਛਾਪੇ ਦੀਆਂ ਗਲਤੀਆਂ ਦੀ ਭਰਮਾਰ ਮਿਲਦੀ ਹੈ। ਫਿਰ ਇਹਨਾਂ ਵਪਾਰੀਆਂ ਵਲੋਂ ਬੀੜਾਂ ਬਜ਼ਾਰਾਂ ਵਿਚ ਬੜੇ ਬੇਅਦਬ ਢੰਗ ਨਾਲ ਆਮ ਵਸਤੂਆਂ ਵਾਂਗ ਵੇਚੀਆਂ ਜਾ ਰਹੀਆਂ ਹਨ। ਇਸ ਵਿਚ ਵਰਤੀ ਜਾ ਰਹੀ ਅਣਗਹਿਲੀ ਅਤੇ ਵਿਕਰੀ ਤੋਂ ਹਰੇਕ ਸਿਖ-ਹਿਰਦਾ ਅੰਦਰੋਂ ਦੁਖ ਪ੍ਰਤੀਤ ਕਰ ਰਿਹਾ ਹੈ ਅਤੇ ਸ਼ਰੋਮਣੀ ਗੁ: ਪ੍ਰ: ਕਮੇਟੀ ਪਾਸੋਂ ਇਸ ਸਥਿਤੀ ਵਿਚ ਸੁਧਾਰ ਕਰਨ ਦੀ ਚਿਰਾਂ ਤੋਂ ਮੰਗ ਕੀਤੀ ਜਾ ਰਹੀ ਹੈ। ਇਸੇ ਨਿਸ਼ਾਨੇ ਨੂੰ ਮੁਖ ਰਖ ਕੇ ਕੁਝ ਦੇਰ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਮਿਸ਼ਨ ਹੋਂਦ ਵਿਚ ਆਇਆ ਤੇ ਇਸ ਸੰਸਥਾ ਵਲੋਂ ਅੰਬਾਲੇ ਦੇ ਲਾਗੇ ਪ੍ਰੈਸ ਬਿਲ-ਡਿੰਗ ਬਣਾ ਕੇ ਪ੍ਰੈਸ ਲਗਾਇਆ ਗਿਆ ਹੈ। ਇਹ ਖ਼ੁਸ਼ੀ ਦੀ ਗੱਲ ਹੈ ਕਿ ਸ਼ਰੋਮਣੀ ਗੁ: ਪ੍ਰ: ਕਮੇਟੀ ਨੇ ਸਿਖ ਸੰਗਤਾਂ ਦੇ ਜਜ਼ਬਿਆਂ ਦਾ ਸਤਿਕਾਰ ਕਰਦਿਆਂ ਹੋਇਆਂ ਬੀੜਾਂ ਦੀ ਛਪਾਈ ਦੇ ਸਿਸਟਮ ਵਿਚ ਸੁਧਾਰ ਕਰਨ ਦਾ ਕੰਮ ਅਰੰਭਿਆ ਹੈ।

ਅਸਲ ਵਿਚ ਸਿਖ ਸੰਗਤਾਂ ਦੀ ਮੰਗ ਇਹ ਹੈ ਕਿ ਵਪਾਰੀ ਪ੍ਰਕਾਸ਼ਕਾਂ ਦੁਆਰਾ ਬੀੜਾਂ ਦੀ ਛਪਾਈ ਕਤਈ ਤੌਰ ਤੇ ਬੰਦ ਕੀਤੀ ਜਾਣੀ ਚਾਹੀਦੀ ਹੈ।


www.AKJ.Org

ਗੁਰਦੁਆਰਾ ਐਕਟ ਵਿਚ ਇਕ ਅਜਿਹੀ ਧਾਰਾ ਸ਼ਾਮਲ ਕਰਵਾਏ ਜਾਣ ਲਈ ਉਪਰਾਲਾ ਕੀਤਾ ਜਾਣਾ ਚਾਹੀਦਾ ਹੈ, ਜਿਸ ਦੁਆਰਾ ਬੀੜਾਂ ਦੀ ਛਪਾਈ ਦਾ ਅਧਿਕਾਰ ਕੇਵਲ ਇਕੋ ਸੰਸਥਾ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੂੰ ਹੋਵੇ । ਸਿਖ ਕੌਮ ਲਈ ਕੋਈ ਵੀ ਕੰਮ ਅਸੰਭਵ ਨਹੀਂ ਹੈ, ਬਸ਼ਰਤੇ ਕਿ ਉਸ ਨੂੰ ਕੀਤੇ ਜਾਣ ਦਾ ਤਹੱਈਆ (ਦ੍ਰਿੜ੍ਹ ਸੰਕਲਪ) ਕਰ ਲਿਆ ਜਾਵੇ। ਇਸ ਸੰਬੰਧੀ ਹੁਣ ਤਕ ਕੋਈ ਨਿਗਰ ਜਤਨ ਕੀਤਾ ਹੀ ਨਹੀਂ ਗਿਆ। ਪਰੰਪਰਾ ਅਤੇ ਇਤਿਹਾਸ ਸ਼ਾਹਦ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਕੇਵਲ ਧਰਮ-ਗ੍ਰੰਥ ਹੀ ਨਹੀਂ, ਸਗੋਂ "**ਗੁਰੂ ਗ੍ਰੰਥ**" ਹਨ। ਬਾਕੀ ਧਰਮ-ਗ੍ਰੰਥਾਂ ਨਾਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਆਪ "**ਗੁਰੂ-ਪਦ**" ਪ੍ਰਾਪਤ ਹਨ ਅਤੇ ਗੁਰੂ-ਗਦੀ ਉਤੇ ਬ੍ਰਾਜਮਾਨ ਹੋ ਕੇ ਜਗਤ ਦੀ ਅਗਵਾਈ ਕਰ ਰਹੇ ਹਨ । ਪਰ "ਗੁਰੂ ਗ੍ਰੰਥ" ਸਾਹਿਬ ਦੀ ਛਪਾਈ ਉਤੇ ਕਿਸੇ ਤਰ੍ਹਾਂ ਦਾ ਪ੍ਰੈਸ ਐਕਟ ਲਾਗੂ ਨਹੀਂ ਹੋਣਾ ਚਾਹੀਦਾ। ਜਿਥੋਂ ਤਕ ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਆਟੋਮੈਟਿਕ ਪ੍ਰੈਸ ਰਾਹੀਂ ਬੀੜਾਂ ਦੀ ਛਪਾਈ ਦਾ ਸੰਬੰਧ ਹੈ, ਹੇਠ ਲਿਖੀਆਂ ਗੱਲਾਂ ਵਲ ਧਿਆਨ ਦਿਤੇ ਜਾਣ ਦੀ ਲੋੜ ਹੈ :—

(1) ਛਾਪੇ ਦੀ ਅਣਗਹਿਲੀ ਕਾਰਨ ਬੀੜਾਂ ਵਿਚ ਜਿਹੜੇ ਲਗਮਾਤ੍ਰੀ ਭੇਦ ਪੈ ਗਏ ਹਨ, ਲਿਖਤੀ ਬੀੜਾਂ ਤੋਂ ਅਗਵਾਈ ਲੈ ਕੇ ਉਨ੍ਹਾਂ ਨੂੰ ਵੇਖ ਕੇ ਠੀਕ ਕਰ ਲਿਆ ਜਾਵੇ।

(2) ਬੀੜਾਂ ਦੀ ਛਪਾਈ, ਜਿਲਦ-ਸਾਜ਼ੀ ਅਤੇ ਸੇਵਾ ਸੰਭਾਲ ਲਈ ਬੜਾ ਸੁਚੱਜਾ ਅਤੇ ਭੈ-ਭਾਵਨੀ ਵਾਲਾ ਸਟਾਫ਼ ਰਖਿਆ ਜਾਵੇ।

(3) ਬੀੜਾਂ, ਛਪਾਈ ਮਗਰੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਵਿਚ ਬ੍ਰਾਜਮਾਨ ਰਹਿਣ ਅਤੇ ਓਥੋਂ ਹੀ ਗੁਰਸਿਖ ਸ਼ਰਧਾਲੂਆਂ ਨੂੰ ਮੋਖ ਰਹਿਤ ਦਿਤੀਆਂ ਜਾਣ, ਪਰ ਜਦ ਤਕ ਦੁਕਾਨਦਾਰਾਂ ਦੁਆਰਾ ਛਪਾਈ ਬੰਦ ਨਹੀਂ ਹੁੰਦੀ ਓਦੋਂ ਤਕ ਬਜ਼ਾਰ ਮਾਈ ਸੇਵਾਂ ਦੇ ਨਾਲ ਲਗਦੇ ਘੰਟਾ ਘਰ ਦੇ ਨੇੜੇ ਇਨਫਰਮੇਸ਼ਨ ਬਿਊਰੋ ਵਾਲੇ ਸਥਾਨ ਨੂੰ ਯੋਗ ਤਰੀਕੇ ਨਾਲ ਸੰਵਾਰ ਸੁਧਾਰ ਕੇ ਬੀੜਾਂ ਦੇਣ ਦਾ ਕੇਂਦਰ ਸਥਾਪਿਤ ਕੀਤਾ ਜਾਣਾ ਚਾਹੀਦਾ ਹੈ।

(4) ਬੀੜਾਂ ਮੋਖ-ਰਹਿਤ ਦੇਣ ਦਾ ਫੈਸਲਾ ਹੁਣ ਤੋਂ ਹੀ ਲਾਗੂ ਕਰ ਦਿਤਾ ਜਾਣਾ ਚਾਹੀਦਾ ਹੈ ।

(5) ਸ਼੍ਰੋਮਣੀ ਗੁ: ਪ੍ਰ: ਕਮੇਟੀ ਨੂੰ ਇਸ ਕਾਰਜ ਵਿਚ ਹੁਣ ਦੇਰੀ ਨਹੀਂ ਕਰਨੀ ਚਾਹੀਦੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਿਸ਼ਨ ਟ੍ਰਸਟ ਅੰਬਾਲਾ ਦੀ ਸੰਸਥਾ ਨੂੰ ਅਪਨਾਅ ਕੇ ਇਹ ਕਾਰਜ ਇਕੋ ਥਾਵੇਂ ਕੀਤਾ ਜਾਣਾ ਚਾਹੀਦਾ ਹੈ। ਅੰਬਾਲੇ ਵਾਲੀ ਸੰਸਥਾ ਨੂੰ ਪਾਵਨ ਬੀੜਾਂ ਦੀ ਇਸ ਅਰੰਭੀ ਜਾ ਰਹੀ ਸੇਵਾ ਲਈ, ਉਸ ਇਲਾਕੇ ਦਾ ਮੁਖੀ ਸੇਵਾ ਸਥਾਨ ਬਣਾ ਲੈਣਾ ਯੋਗ ਹੋਵੇਗਾ।

## ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਅਵਤਾਰ ਗੁਰਪੁਰਬ ਸ੍ਰੀ ਅੰਮ੍ਰਿਤਸਰ ਵਿਖੇ

7 ਅਪ੍ਰੈਲ ਨੂੰ ਦੋ ਵਜੇ ਗੁਰੂ ਕੀ ਸਰਾਂ ਤੋਂ ਨਗਰ ਕੀਰਤਨ ਚਲ ਕੇ ਸ਼ਾਮ ਨੂੰ ਗੁਰੂ ਕੇ ਮਹਿਲ ਪੁਜੇਗਾ। 8 ਅਪ੍ਰੈਲ ਨੂੰ ਸਾਰਾ ਦਿਨ ਗੁਰੂ ਕੇ ਮਹਿਲ ਵਿਖੇ ਉਥੋਂ ਦੇ ਪ੍ਰਬੰਧਕਾਂ ਵਲੋਂ ਦੀਵਾਨ ਸਜੇਗਾ। ਅਖੰਡ ਕੀਰਤਨੀ ਜੱਥੇ ਨਗਰ ਕੀਰਤਨ ਵਿਚ ਅਤੇ 8 ਅਪ੍ਰੈਲ ਰਾਤ ਨੂੰ 8—30 ਤੋਂ 10 ਤਕ ਕੀਰਤਨ ਦੀਆਂ ਹਾਜ਼ਰੀਆਂ ਭਰਨਗੇ। ਸਮੂੰਹ ਸੰਗਤਾਂ ਸ਼ਾਮਲ ਹੋ ਕੇ ਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰਨ।



www.AKJ.Org

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਇਸ ਮਹੀਨੇ ਹੇਠ ਲਿਖੇ ਪਾਠਕਾਂ ਵਿਚੋਂ ਨੰ: 236 ਸ: ਸੁਰਜੀਤ ਸਿੰਘ ਮਲੇਸ਼ੀਆ ਚਿਟ ਨੰ: 2150 ਦੇ ਪੰਜ ਸੌ ਰੁਪਏ ਅਤੇ ਬਾਕੀ ਸਭ ਦੇ ਸੌ ਸੌ ਰੁਪਏ ਪੁੱਜੇ ਹਨ। ਸਭ ਦੀਆਂ ਬੈਂਕ ਵਿਚ ਐਫ ਡੀਆਂ ਬਣਵਾ ਦਿੱਤੀਆਂ ਗਈਆਂ ਹਨ।

| | | | |
|---|---|---|---|
| 226. ਸ: ਗੁਰਬਖ਼ਸ਼ ਸਿੰਘ ਜੀ | (ਚਿਟ ਨੰ: 3226) | 398173/362/77 | ਮਿਤੀ 24.3.77 |
| 227. ਸ: ਜਗਤ ਸਿੰਘ ਜੀ ਗਰੇਵਾਲ | ( ,, 3227) | 398174/363/77 | ,, |
| 228. ਸ. ਜਸਬੀਰ ਸਿੰਘ ਜੀ | ( ,, 3228) | 398175/365/77 | ,, |
| 229. ਸ. ਗੁਰਮੁਖ ਸਿੰਘ ਜੀ ਬਖ਼ਸ਼ੀ | ( ,, 3229) | 398176/364/77 | ,, |
| 230. ਸ: ਕੁਲਦੀਪ ਸਿੰਘ ਜੀ | ( ,, 3230) | 398177/366/77 | ,, |
| 231. ਸ: ਇੰਦਰਪਾਲ ਸਿੰਘ ਜੀ | ( ,, 3231) | 398178/367/77 | ,, |
| 232. ਬੀਬੀ ਕੰਵਲਜੀਤ ਕੌਰ ਜੀ | ( ,, 3232) | 398179/368/77 | ,, |
| 233. ਸ: ਇੰਦਰਜੀਤ ਸਿੰਘ ਜੀ | ( ,, 3233) | 398180/369/77 | ,, |
| 234. ਸ: ਸਰਦੂਲ ਸਿੰਘ ਜੀ ਸਹਾਰਨਪੁਰ | ( ,, 3234) | 398181/370/77 | ,, |
| 235 ਸ: ਪ੍ਰੇਮ ਸਿੰਘ s/o ਸ: ਦਲੀਪ ਸਿੰਘ ਜੀ | ( ,, 3235) | 398182/371/77 | ,, |
| 236. ਸ: ਸੁਰਜੀਤ ਸਿੰਘ ਜੀ ਮਲੇਸ਼ੀਆ | ( ,, 2150) | 398183/372/77 | ,, |
| 237. ਬੀਬੀ ਬਲਜੀਤ ਕੌਰ ਜੀ | ( ,, 3237) | 398184/373/77 | ,, |
| 238. ਸ: ਅਜੀਤ ਸਿੰਘ ਜੀ | ( ,, 3238) | 398185/374/77 | ,, |
| 239. ਮੈ: ਸੰਤ ਸਿੰਘ ਤ੍ਰਿਲੋਕ ਸਿੰਘ | ( ,, 3239) | 398186/375/77 | ,, |
| 240. ਸ: ਲਾਲ ਸਿੰਘ ਜੀ | ( ,, 3240) | 398187/376/77 | ,, |
| 241. ਸ: ਜਸਵੰਤ ਸਿੰਘ ਜੀ | ( ,, 3241) | 398188/377/77 | ,, |
| 242. ਸ: ਗੁਰਬਚਨ ਸਿੰਘ ਜੀ | ( ,, 3242) | 398189/378/77 | ,, |
| 243. ਸੰਤ ਬਾਬਾ ਹਰਨਾਮ ਸਿੰਘ ਜੀ | ( ,, 3243) | 398190/379/77 | ,, |
| 244. ਸ: ਦੇਵਿੰਦਰ ਸਿੰਘ ਜੀ ਮੋਂਗਾ | ( ,, 3244) | 398191/380/77 | ,, |

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | |
|---|---|
| ਸ: ਰਾਮ ਸਿੰਘ ਜੀ ਸੁਕੈਡਰਨ ਲੀਡਰ ਵਲੋਂ ਕਾਕਾ ਸੰਤ ਪ੍ਰਕਾਸ਼ ਸਿੰਘ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | 101-00 |
| ਸ: ਮੋਹਨ ਸਿੰਘ ਜੀ ਗਾਰਡ ਕਾਨਪੁਰ ਵਲੋਂ ਬੱਚੀ ਜਸਵਿੰਦਰ ਕੌਰ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | 10-00 |
| ਸ: ਬੂਟਾ ਸਿੰਘ ਜੀ ਪਠਾਨਕੋਟ ਵਲੋਂ ਮਾਤਾ ਭਾਗਵੰਤੀ ਜੀ ਦੀ ਬਰਸੀ ਸਮੇਂ | 11-00 |
| ਗਿ: ਬਚਿੰਤ ਸਿੰਘ ਜੀ ਮਨੌਲੀ ਵਲੋਂ ਭੁਜੰਗੀ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | 11-00 |
| ਭਾਈ ਸੁਰਿੰਦਰ ਸਿੰਘ ਜੀ ਵਲੋਂ | 5-00 |
| ਸ: ਸਵਰਨ ਸਿੰਘ ਜੀ ਲੁਧਿਆਣਾ ਵਲੋਂ ਅਨੰਦ ਕਾਰਜ ਦੀ ਖੁਸ਼ੀ ਵਿਚ | 11-00 |
| ਡਾ: ਮਾਣਕ ਸਿੰਘ ਜੀ ਅੰਮ੍ਰਿਤਸਰ ਵਲੋਂ | 2-00 |
| ਸ: ਗੁਰਚਰਨ ਸਿੰਘ ਜੀ ਸੈਣੀ ਇੰਦੌਰ ਵਲੋਂ ਸ: ਮਹਿੰਦਰ ਸਿੰਘ ਦੀ ਬਰਸੀ ਦੇ ਭੋਗ ਸਮੇਂ | 31-00 |
| ਸ: ਜਾਗੀਰ ਸਿੰਘ ਜੀ ਚੱਕੀ ਵਾਲੇ ਬਰਨ ਵਲੋਂ ਬੱਚੀ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | 5-00 |
| ਸ: ਅਜੀਤ ਸਿੰਘ ਜੀ ਕੈਰੋਂ ਵਲੋਂ | 5-00 |
| ਸ: ਨਿਰੰਜਨ ਸਿੰਘ ਜੀ ਬੁਤਾਲਾ ਵਲੋਂ ਬੱਚੀ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | 6-00 |

ਵਾਹਿਗੁਰੂ ਸਭ ਵੀਰਾਂ ਭੈਣਾਂ ਨੂੰ ਚੜ੍ਹਦੀ ਕਲਾ ਤੇ ਗੁਰਸਿਖੀ ਜੀਵਨ ਬਖ਼ਸ਼ਣ।

www.AKJ.Org

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸਾਲਾਨਾ ਬਰਸੀ ਲੁਧਿਆਣਾ ਵਿਖੇ

ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ੧੬ਵੀਂ ਬਰਸੀ ਮਨਾਉਣ ਹਿਤ ਲੁਧਿਆਣਾ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ ੧੪ ਤੋਂ ੧੭ ਅਪ੍ਰੈਲ ੧੯੭੭ ਤਕ ਸ੍ਰੀ ਅਖੰਡਪਾਠ ਅਤੇ ਕੀਰਤਨ ਸਮਾਗਮ ਹੋ ਰਹੇ ਹਨ। ਸਮੂੰਹ ਕੀਰਤਨੀ ਜੱਥੇ, ਗੁਰੂ ਕੇ ਪਿਆਰੇ ਨਾਮ ਰਸੀਏ ਅਤੇ ਗੁਰਬਾਣੀ ਨੂੰ ਪਿਆਰ ਕਰਨ ਵਾਲੇ ਗਰਸਿਖ ਵੀਰ ਭੈਣਾਂ, ਭਾਈ ਸਾਹਿਬ ਜੀ ਦੀ ਮਹਾਨ ਸ਼ਖ਼ਸੀਅਤ ਤੋਂ ਸੇਧ ਲੈਣ ਲਈ ਸਮਾਗਮ ਵਿਚ ਹਾਜ਼ਰੀਆਂ ਭਰ ਕੇ ਹਰਿ ਜਸ ਦੇ ਲਾਹੇ ਪ੍ਰਾਪਤ ਕਰੋ ਜੀ।

– ਪ੍ਰੋਗਰਾਮ –

੧੪-੪-੭੭ ਵੀਰਵਾਰ ਕੀਰਤਨ ਤੋਂ ਉਪਰੰਤ ਅਰੰਭ ਸ੍ਰੀ ਅਖੰਡਪਾਠ ੪ ਵਜੇ ਸ਼ਾਮ
੧੬-੪-੭੭ ਸ਼ਨੀਵਾਰ ਭੋਗ ਸ੍ਰੀ ਅਖੰਡਪਾਠ ੪ ਵਜੇ ਸ਼ਾਮ
,, ਉਪਰੰਤ ਕੀਰਤਨ ੪ ਤੋਂ ੬ ਵਜੇ ਸ਼ਾਮ
,, ਅਰੰਭ ਰੈਣ ਸਬਾਈ ਕੀਰਤਨ ੮ ਵਜੇ ਸਾਮ
੧੭-੪-੭੭ ਐਤਵਾਰ ਸਮਾਪਤੀ ਰੈਣ ਸਬਾਈ ਕੀਰਤਨ ੮ ਵਜੇ ਸਵੇਰੇ

ਪ੍ਰਾਰਥਕ :—ਅਖੰਡ ਕੀਰਤਨੀ ਜੱਥਾ, ਲੁਧਿਆਣਾ

# ਫ਼ਿਰੋਜ਼ਪੁਰ ਵਿਖੇ ਸਾਲਾਨਾ ਕੀਰਤਨੀ ਸਮਾਗਮ ਤੇ ਅੰਮ੍ਰਿਤ-ਸਿੰਚਾਰ

ਅਖੰਡ ਕੀਰਤਨੀ ਜੱਥਾ ਫ਼ਿਰੋਜ਼ਪੁਰ ਵਲੋਂ 5 ਤੋਂ 7 ਮਈ ਨੂੰ ਸਾਲਾਨਾ ਕੀਰਤਨ ਸਮਾਗਮ ਹੋ ਰਹੇ ਹਨ, ਜਿਸ ਵਿਚ ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਅਖੰਡ ਕੀਰਤਨੀ ਜੱਥੇ ਹਾਜ਼ਰੀਆਂ ਭਰ ਰਹੇ ਹਨ। ਭਾਈ ਮਹਿੰਦਰ ਸਿੰਘ ਜੀ ਐਸ. ਡੀ. ਓ. ਵੀ ਪੁਜ ਰਹੇ ਹਨ। ਰਸ-ਭਿੰਨੜੇ ਕੀਰਤਨ ਦੇ ਲਾਹੇ ਪ੍ਰਾਪਤ ਕਰਨ ਲਈ ਸਮੂਹ ਸੰਗਤਾਂ ਹੁਮ ਹੁਮਾ ਕੇ ਪੁਜਣ।

— ਪ੍ਰੋਗਰਾਮ —

5 ਮਈ ਵੀਰਵਾਰ ਸ਼ਾਮ 7-30 ਤੋਂ 9-00 ਕੀਰਤਨ ਗੁਰਦਵਾਰਾ ਟੋਂਕਾਂ ਵਾਲੀ ਬਸਤੀ, ਫ਼ਿਰੋਜ਼ਪੁਰ
6 ਮਈ ਸ਼ੁਕਰਵਾਰ ਸਵੇਰੇ 5-00 ਤੋਂ 9-00 ਕੀਰਤਨ ਗੁਰਦਵਾਰਾ ਬਾਵਿਆਂ, ਫ਼ਿਰੋਜ਼ਪੁਰ ਸ਼ਹਿਰ
ਸ਼ਾਮ 7-30 ਤੋਂ 9-30 ਕੀਰਤਨ ਖ਼ਾਲਸਾ ਗੁਰਦੁਆਰਾ, ਫ਼ਿਰੋਜ਼ਪੁਰ ਛਾਉਣੀ
7 ਮਈ ਸ਼ਨੀਵਾਰ ਸਵੇਰੇ 5-00 ਤੋਂ 12-00 ਕੀਰਤਨ ਮਾਲਵਾ ਖ਼ਾ: ਸਕੂਲ, ਫ਼ਿਰੋਜ਼ਪੁਰ ਸ਼ਹਿਰ
ਰਾਤ 8-00 ਰੈਣ ਸਬਾਈ ਕੀਰਤਨ, 8 ਮਈ ਸਵੇਰੇ ਭੋਗ ਪੈਣਗੇ

ਇਸ ਪ੍ਰੋਗਰਾਮ ਤੋਂ ਪਹਿਲਾਂ 9 ਅਪ੍ਰੈਲ ਨੂੰ ਪਿੰਡ ਸੈਦਾ ਕੇ ਨੌਲ ( ਨੇੜੇ ਮਮਦੋਟ ) ਜ਼ਿਲਾ ਫ਼ਿਰੋਜ਼ਪੁਰ ਵਿਖੇ, 16 ਅਪ੍ਰੈਲ ਨੂੰ ਗੁਰਦੁਆਰਾ ਸਿੰਘ ਸਭਾ ਫ਼ਾਜ਼ਿਲਕਾ ਵਿਖੇ, 23 ਅਪ੍ਰੈਲ ਨੂੰ ਗੁਰਦੁਆਰਾ ਸਿੰਘ ਸਭਾ ਫ਼ਰੀਦਕੋਟ ਵਿਖੇ, 30 ਅਪ੍ਰੈਲ ਨੂੰ ਖ਼ਾਲਸਾ ਗੁਰਦੁਆਰਾ ਫ਼ਿਰੋਜ਼ਪੁਰ ਛਾਉਣੀ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ।

ਨੋਟ : ਰਿਹਾਇਸ਼ ਤੇ ਲੰਗਰ ਆਦਿ ਦਾ ਪਰਬੰਧ ਮਾਲਵਾ ਖ਼ਾਲਸਾ ਸਕੂਲ, ਨੇੜੇ ਮਾਲਵਾ ਬਸ ਸਟੈਂਡ ਫ਼ਿਰੋਜ਼ਪੁਰ ਸ਼ਹਿਰ ਵਿਖੇ ਹੋਵੇਗਾ।

ਦਾਸਰਾ—ਬਲਵੰਤ ਸਿੰਘ ਖ਼ਾਲਸਾ, 2/39-B, ਕਾਂਸੀ ਨਗਰੀ, ਫ਼ਿਰੋਜ਼ਪੁਰ ਸ਼ਹਿਰ

'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ

www.AKJ.Org